@Qpatrika
@qaumipatrika punjabi
instagram.com/qaumipatrika

Largest Circulated

विश्व भर में सबसे ज्यादा पढ़ा जाने वाला

ਕੌਮੀ ਪਤ੍ਰਿਕਾ
Qaumi Patrika NO.1

Punjabi National Daily

दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।

Wednesday, 21 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਬੁੱਧਵਾਰ 21 ਅਗਸਤ 2024, 5 ਭਾਦੋ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 42, ਅੰਕ 285, qpatrika@gmail.com ਫੋਨ : 9971359517 www.qaumipatrika.org

ਵਿਧਾਨ ਸਭਾ ਚੋਣਾਂ ਦੀਆਂ ਤਾਰੀਖਾਂ ਦੇ ਐਲਾਨ ਨੂੰ ਲੈ ਕੇ ਸ਼ਰਦ ਪਵਾਰ ਦਾ ਪ੍ਰਧਾਨ ਮੰਤਰੀ ਮੋਦੀ 'ਤੇ ਨਿਸ਼ਾਨਾ

ਨਾਗਪੁਰ 20ਅਗਸਤ। ਵਿਧਾਨ ਸਭਾ ਚੋਣਾਂ ਨੂੰ ਲੈ ਕੇ ਰਾਸ਼ਟਰਵਾਦੀ ਕਾਂਗਰਸ ਪਾਰਟੀ () ਦੇ ਮੁਖੀ ਸ਼ਰਦ ਪਵਾਰ ਨੇ ਇਸ ਗੱਲ ਨੂੰ ਲੈ ਕੇ ਹੈਰਾਨੀ ਪ੍ਰਗਟਾਈ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਵੱਲੋਂ 'ਇਕ ਦੇਸ਼, ਇਕ ਚੋਣ' 'ਤੇ ਜ਼ੋਰ ਦਿੱਤੇ ਜਾਣ ਦੇ ਬਾਵਜੂਦ ਸੂਬਿਆਂ ਦੀਆਂ ਅਗਲੀਆਂ ਚੋਣਾਂ ਇਕੱਠੀਆਂ ਕਿਉਂ ਨਹੀਂ ਕਰਵਾਈਆਂ ਜਾ ਰਹੀਆਂ। ਪਵਾਰ ਨੇ ਨਾਗਪੁਰ 'ਚ ਇਕ ਪ੍ਰੋਗਰਾਮ ਦੌਰਾਨ ਪੱਤਰਕਾਰਾਂ ਨੂੰ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜੋ ਕਹਿੰਦੇ ਹਨ ਉਸ 'ਚ ਕੋਈ ਸੱਚਾਈ ਨਹੀਂ ਹੈ। ਉਨ੍ਹਾਂ ਕਿਹਾ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਆਜ਼ਾਦੀ ਦਿਹਾੜੇ ਦੇ ਆਪਣੇ ਸੰਬੋਧਨ 'ਚ 'ਇਕ ਦੇਸ਼, ਇਕ ਚੋਣ' ਦੀ ਵਕਾਲਤ ਕੀਤੀ ਸੀ। ਫਿਰ ਵੀ ਆਗਾਮੀ ਸਮੇਂ ਵਿਚ ਸੂਬਿਆਂ ਵਿਚ ਵਿਧਾਨ ਸਭਾ ਚੋਣਾਂ ਵੱਖ-ਵੱਖ ਸਮੇਂ 'ਤੇ ਕਰਵਾਈਆਂ ਜਾ ਰਹੀਆਂ ਹਨ। ਚੋਣ ਕਮਿਸ਼ਨ ਨੇ ਸਤੰਬਰ-ਅਕਤੂਬਰ 'ਚ ਜੰਮੂ-ਕਸ਼ਮੀਰ 'ਚ 3 ਅਤੇ ਹਰਿਆਣਾ 'ਚ 1 ਪੜਾਅ 'ਚ ਚੋਣਾਂ ਕਰਾਉਣ ਦਾ ਸ਼ੁੱਕਰਵਾਰ ਨੂੰ ਐਲਾਨ ਕੀਤਾ। ਚੋਣ ਕਮਿਸ਼ਨ ਨੇ ਜੰਮੂ-ਕਸ਼ਮੀਰ ਚੋਣਾਂ ਲਈ ਵਾਧੂ ਸੁਰੱਖਿਆ

ਫੋਰਸਾਂ ਦੀ ਲੋੜ ਅਤੇ ਮਹਾਰਾਸ਼ਟਰ 'ਚ ਤਿਉਹਾਰਾਂ ਦੌਰਾਨ ਹੋਣ ਵਾਲੀ ਭੀੜ ਦਾ ਹਵਾਲਾ ਦਿੰਦੇ ਹੋਏ ਕਿਹਾ ਸੀ ਕਿ ਮਹਾਰਾਸ਼ਟਰ 'ਚ ਵਿਧਾਨ ਸਭਾ ਚੋਣਾਂ ਦਾ ਐਲਾਨ ਬਾਅਦ 'ਚ ਕੀਤਾ ਜਾਵੇਗਾ। ਵਿਰੋਧੀ ਗੱਠਜੋੜ ਮਹਾ ਵਿਕਾਸ ਆਘਾੜੀ (ਐੱਮ. ਵੀ. ਏ.) ਦੀਆਂ ਸਹਿਯੋਗੀ ਪਾਰਟੀਆਂ ਸ਼ਿਵ ਸੈਨਾ (ਯੂ. ਬੀ. ਟੀ.) ਅਤੇ ਰਾਕਾਂਪਾ (ਐੱਸ. ਪੀ.) ਨੇ ਪਹਿਲਾਂ ਚੋਣ ਪ੍ਰੋਗਰਾਮ ਨੂੰ ਲੈ ਕੇ ਚੋਣ ਕਮਿਸ਼ਨ ਦੀ ਆਲੋਚਨਾ ਕੀਤੀ ਸੀ ਅਤੇ ਕਿਹਾ ਸੀ ਕਿ ਅਜਿਹਾ ਲੱਗਦਾ ਹੈ ਕਿ ਭਾਜਪਾ ਦੀ ਅਗਵਾਈ ਵਾਲਾ ਮਹਾਗੱਠਜੋੜ ਆਪਣੇ ਝੂਠੇ ਵਾਅਦਿਆਂ ਨਾਲ ਮਹਾਰਾਸ਼ਟਰ ਦੇ ਲੋਕਾਂ ਨੂੰ 'ਮੂਰਖ' ਬਣਾਉਣ ਲਈ ਹੋਰ ਸਮਾਂ ਚਾਹੁੰਦਾ ਹੈ।

ਭਾਰਤ ਲਈ ਪਿਤਾ ਨੇ ਜੋ ਸੁਫਨੇ ਦੇਖੇ, ਉਨ੍ਹਾਂ ਨੂੰ ਪੂਰਾ ਕਰਾਂਗਾ : ਰਾਹੁਲ ਗਾਂਧੀ

ਨਵੀਂ ਦਿੱਲੀ 20 ਅਗਸਤ। ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਜਯੰਤੀ ਮੌਕੇ ਮੰਗਲਵਾਰ ਨੂੰ ਕਿਹਾ ਕਿ ਉਹ ਉਨ੍ਹਾਂ ਸੁਫਨਿਆਂ ਨੂੰ ਪੂਰਾ ਕਰਨਗੇ, ਜੋ ਉਨ੍ਹਾਂ ਦੇ ਪਿਤਾ ਨੇ ਭਾਰਤ ਲਈ ਦੇਖੇ ਸਨ। ਉਨ੍ਹਾਂ ਨੇ 'ਵੀਰ ਭੂਮੀ' ਜਾ ਕੇ ਸਾਬਕਾ ਪ੍ਰਧਾਨ ਮੰਤਰੀ ਦੀ ਸਮਾਧੀ 'ਤੇ ਫੁੱਲ ਭੇਟ ਕੀਤੇ। ਰਾਹੁਲ ਗਾਂਧੀ ਨੇ 'ਐਕਸ' 'ਤੇ ਪੋਸਟ ਕੀਤਾ,"ਇਕ ਹਮਦਰਦ ਸਖਸੀਅਤ, ਸਦਭਾਵਨਾ ਦੇ ਪ੍ਰਤੀਕ... ਪਾਪਾ, ਤੁਹਾਡੀਆਂ ਸਿੱਖਿਆਵਾਂ ਮੇਰੀ ਪ੍ਰੇਰਨਾ ਹਨ ਅਤੇ ਮੈਂ ਭਾਰਤ ਲਈ ਤੁਹਾਡੇ ਸੁਫਨੇ ਮੇਰੇ ਆਪਣੇ- ਤੁਹਾਡੀਆਂ ਯਾਦਾਂ ਨਾਲ ਲੈ ਕੇ ਇਨ੍ਹਾਂ ਨੂੰ ਪੂਰਾ ਕਰਾਂਗਾ।" ਕਾਂਗਰਸ ਜਨਰਲ ਸਕੱਤਰ ਪ੍ਰਿਯੰਕਾ

ਗਾਂਧੀ ਵਾਡਰਾ ਨੇ 'ਐਕਸ' 'ਤੇ ਆਪਣੇ ਪਿਤਾ ਦੀਆਂ ਕੁਝ ਤਸਵੀਰਾਂ ਸਾਂਝੀਆਂ ਕੀਤੀਆਂ ਅਤੇ ਆਪਣੇ ਪਿਤਾ ਦੇ ਯੋਗਦਾਨ ਦਾ ਜ਼ਿਕਰ ਕੀਤਾ। ਉਨ੍ਹਾਂ ਕਿਹਾ,"ਜਿਨ੍ਹਾਂ ਨੇ ਦਿਆਲਤਾ ਦਾ ਪਾਠ ਪੜ੍ਹਾਇਆ, ਇਕ ਸੰਵੇਦਨਸ਼ੀਲਤਾ, ਜਿਸ ਨੇ ਦੁੱਖ ਸਾਂਝਾ ਕਰਨ ਦਾ ਮਹੱਤਵ ਸਮਝਾਇਆ, ਇਕ ਸੁਫਨਾ, ਜਿਸ ਨੇ ਨੌਜਵਾਨ ਸ਼ਕਤੀ ਵਾਲੇ ਭਾਰਤ ਨੂੰ ਰਸਤਾ ਦਿਖਾਇਆ, ਇਕ ਸੰਕਲਪ, ਜਿਸ ਨੇ ਤਕਨੀਕ, ਵਿਗਿਆਨ, ਸੂਚਨਾ ਦੇ ਖੇਤਰ 'ਚ ਕ੍ਰਾਂਤੀਕਾਰੀ ਕਦਮ ਵਧਾਇਆ, ਇਕ ਸੋਚ, ਜਿਸ ਨੇ ਪਿੰਡ ਦੇ ਹੱਥਾਂ 'ਚ ਸ਼ਾਸਨ-ਪ੍ਰਸ਼ਾਸਨ ਦੀ ਕੁੰਜੀ ਨੂੰ ਆਪਣਾ ਟੀਚਾ ਬਣਾਇਆ। ਰਾਜੀਵ ਜੀ ਦੇ ਜੀਵਨ ਦੀ ਪ੍ਰੇਰਨਾ ਸੂਰਜ ਦੀ ਰੋਸ਼ਨੀ ਦੀ ਤਰ੍ਹਾਂ ਸਾਡੇ ਰਸਤਿਆਂ 'ਚ ਹਮੇਸ਼ਾ ਆਪਣੀਆਂ ਕਿਰਨਾਂ ਬਿਖੇਰਦੀ ਰਹੇਗੀ।" ਰਾਜੀਵ ਗਾਂਧੀ ਦਾ ਜਨਮ 20 ਅਗਸਤ 1944 ਨੂੰ ਹੋਇਆ ਸੀ। ਉਨ੍ਹਾਂ ਨੇ ਪ੍ਰਧਾਨ ਮੰਤਰੀ ਵਜੋਂ 1984 ਤੋਂ 1989 ਤੱਕ ਭਾਰਤ ਦੀ ਅਗਵਾਈ ਕੀਤੀ। ਸਾਲ 1991 'ਚ ਲੋਕ ਸਭਾ ਚੋਣਾਂ ਦੇ ਪ੍ਰਚਾਰ ਦੌਰਾਨ ਲਿਬਰੇਸ਼ਨ ਟਾਈਗਰਜ ਆਫ ਤਮਿਲ ਈਲਮ (ਐੱਲ.ਟੀ.ਟੀ.ਈ.) ਅੱਤਵਾਦੀਆਂ ਨੇ ਉਨ੍ਹਾਂ ਦਾ ਕਤਲ ਕਰ ਦਿੱਤਾ ਸੀ।

ਮਹਿਲਾ ਡਾਕਟਰ ਰੇਪ-ਕਤਲ ਮਾਮਲਾ ਸੁਪਰੀਮ ਕੋਰਟ ਨੇ ਅਪਣਾਇਆ ਸਖਤ ਰਵੱਈਆ

ਸਿੰਮੀ ਕੌਰ ਬੱਬਰ

ਨਵੀਂ ਦਿੱਲੀ 20 ਅਗਸਤ। ਕੋਲਕਾਤਾ ਵਿਚ ਟ੍ਰੇਨੀ ਮਹਿਲਾ ਡਾਕਟਰ ਨਾਲ ਰੇਪ ਮਗਰੋਂ ਕਤਲ ਦੇ ਮਾਮਲੇ ਵਿਚ ਸੁਪਰੀਮ ਕੋਰਟ ਨੇ ਵੱਡਾ ਫੈਸਲਾ ਲਿਆ ਹੈ। ਸੁਪਰੀਮ ਕੋਰਟ ਨੇ ਸਖਤ ਰਵੱਈਆ ਅਪਣਾਉਂਦਿਆਂ ਐਲਾਨ ਕੀਤਾ ਹੈ ਕਿ ਡਾਕਟਰਾਂ ਦੀ ਸੁਰੱਖਿਆ ਲਈ ਨੈਸ਼ਨਲ ਟਾਸਕ ਫੋਰਸ ਬਣਾਇਆ ਜਾਵੇਗਾ। ਇਹ ਟਾਸਕ ਫੋਰਸ ਕੋਰਟ ਦੀ ਨਿਗਰਾਨੀ ਵਿਚ ਬਣਾਇਆ ਜਾਵੇਗਾ ਅਤੇ ਇਸ ਵਿਚ ਡਾਕਟਰਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਟਾਕਸ ਫੋਰਸ 3 ਹਫਤਿਆਂ ਵਿਚ ਅੰਤਰਿਮ ਰਿਪੋਰਟ ਦੇਵੇਗੀ। ਚੀਫ ਜਸਟਿਸ ਡੀ. ਵਾਈ. ਚੰਦਰਚੂੜ ਦੀ ਪ੍ਰਧਾਨਗੀ ਵਿਚ ਜਸਟਿਸ ਜੇ. ਬੀ. ਪਾਦਰੀਵਾਲਾ ਅਤੇ ਜਸਟਿਸ ਮਨੋਜ ਮਿਸ਼ਰਾ ਦੀ ਬੈਂਚ ਨੇ ਇਸ ਮਾਮਲੇ ਵਿਚ ਸੁਣਵਾਈ ਕੀਤੀ। ਕੋਰਟ ਨੇ ਸੀ. ਬੀ. ਆਈ. ਨੂੰ ਵੀਰਵਾਰ ਯਾਨੀ ਕਿ 22 ਅਗਸਤ ਤੱਕ ਸਟੇਟਸ ਰਿਪੋਰਟ ਸੌਂਪਣ ਦਾ ਹੁਕਮ ਦਿੱਤਾ ਹੈ। ਇਸ ਵਿਚ ਇਹ ਦੱਸਿਆ ਜਾਵੇ ਕਿ ਉਸ ਨੇ ਹੁਣ ਤੱਕ ਕੀ ਕਦਮ ਚੁੱਕੇ ਅਤੇ ਜਾਂਚ ਕਿੱਥੇ ਤੱਕ ਪਹੁੰਚੀ। ਕੋਰਟ ਹੁਣ 22 ਅਗਸਤ ਨੂੰ ਮਾਮਲੇ ਦੀ ਅੱਗੇ ਦੀ ਸੁਣਵਾਈ ਕਰੇਗੀ। ਸੁਪਰੀਮ ਕੋਰਟ ਨੇ ਇਸ ਕੇਸ ਦਾ ਖੁਦ ਨੋਟਿਸ ਲਿਆ। ਉੱਥੇ ਹੀ ਡਾਕਟਰਾਂ ਦੇ ਵਿਰੋਧ ਪ੍ਰਦਰਸ਼ਨ ਕਾਰਨ ਪੱਛਮੀ ਬੰਗਾਲ ਵਿਚ ਸਿਹਤ ਸੇਵਾਵਾਂ ਠੱਪ ਹੋ ਗਈਆਂ ਹਨ। ਪ੍ਰਦਰਸ਼ਨਕਾਰੀ ਡਾਕਟਰ ਚਾਹੁੰਦੇ ਹਨ ਕਿ ਸੀ. ਬੀ. ਆਈ. ਦੋਸ਼ੀਆਂ ਨੂੰ ਫੜੇ ਅਤੇ ਅਦਾਲਤ ਉਨ੍ਹਾਂ ਨੂੰ ਮੌਤ ਦੀ ਸਜਾ ਦੇਵੇ। ਓਧਰ ਸੁਪਰੀਮ ਕੋਰਟ ਦੀ ਬੈਂਚ ਮੁਤਾਬਕ ਇਸ ਮਾਮਲੇ 'ਤੇ ਖੁਦ ਨੋਟਿਸ ਲੈਣਾ ਇਸ ਤੱਥ ਨੂੰ ਵੇਖਦੇ ਹੋਏ ਮਹੱਤਵਪੂਰਨ ਹੈ ਕਿ ਕੱਲਕਤਾ ਹਾਈ ਕੋਰਟ ਨੇ ਪਹਿਲਾਂ ਹੀ ਕਾਰਵਾਈ ਕੀਤੀ ਹੈ ਅਤੇ ਮਾਮਲੇ ਦੀ ਜਾਂਚ ਸੀ. ਬੀ. ਆਈ. ਨੂੰ ਸੌਂਪ ਦਿੱਤੀ ਹੈ। ਸੁਪਰੀਮ ਕੋਰਟ ਨੇ ਇਸ ਘਟਨਾ 'ਤੇ ਸਖਤ ਰਵੱਈਆ ਅਪਣਾਉਂਦੇ ਹੋਏ ਕਿਹਾ ਕਿ ਜਮੀਨੀ ਪੱਧਰ 'ਤੇ ਚੀਜਾਂ ਬਦਲਣ ਲਈ ਦੇਸ਼ ਇਕ ਹੋਰ ਰੇਪ ਦੀ ਘਟਨਾ ਦੀ ਉਡੀਕ ਨਹੀਂ ਕਰ ਸਕਦਾ। ਚੀਫ ਜਸਟਿਸ ਨੇ ਕਿਹਾ ਕਿ ਅਸੀਂ ਪੀੜਤਾ ਦੀ ਪਛਾਣ ਉਜਾਗਰ ਹੋਣ ਨੂੰ ਲੈ ਕੇ ਚਿੰਤਤ ਹਾਂ। ਪੀੜਤਾ ਦੀ ਫੋਟੋ ਅਤੇ ਪੋਸਟਮਾਰਟਮ ਮਗਰੋਂ ਉਸ ਦੀ ਬਾਡੀ ਵਿਖਾਉਣਾ ਚਿੰਤਾਜਨਕ ਹੈ, ਜਦਕਿ ਅਜਿਹਾ ਨਹੀਂ ਹੋਣਾ ਚਾਹੀਦਾ ਸੀ। ਚੀਫ ਜਸਟਿਸ ਨੇ

ਪੱਛਮੀ ਬੰਗਾਲ ਸਰਕਾਰ ਤੋਂ ਪੁੱਛਿਆ ਕਿ ਕੀ ਪ੍ਰਿੰਸੀਪਲ ਨੇ ਕਤਲ ਨੂੰ ਖੁਦਕੁਸ਼ੀ ਦੱਸਿਆ? ਕੀ ਪੀੜਤਾ ਦੇ ਮਾਤਾ-ਪਿਤਾ ਨੂੰ ਦੇਰੀ ਨਾਲ ਸੂਚਨਾ ਦਿੱਤੀ ਹੈ? ਉਨ੍ਹਾਂ ਨੂੰ ਮਿਲਣ ਨਹੀਂ ਦਿੱਤਾ ਗਿਆ। ਚੀਫ ਜਸਟਿਸ ਨੇ ਇਹ ਵੀ ਕਿਹਾ ਕਿ ਕੀ ਕਤਲ ਤਹਿਤ ਦਰਜ ਹੋਈ ਹੈ? ਪ੍ਰਿੰਸੀਪਲ ਕੀ ਕਰ ਰਹੇ ਸਨ? ਦਰਜ ਕਰਾਉਣ ਵਿਚ ਦੇਰੀ ਕਿਉਂ ਹੋਈ? ਇਹ ਬੇਹੱਦ ਗੰਭੀਰ ਮੁੱਦਾ ਹੈ। ਪੱਛਮੀ ਬੰਗਾਲ ਸਰਕਾਰ ਵਲੋਂ ਸੰਚਾਲਿਤ ਆਰ. ਜੀ. ਕਰ ਮੈਡੀਕਲ ਹਸਪਤਾਲ ਦੇ ਸੈਮੀਨਾਰ ਹਾਲ ਵਿਚ ਇਕ ਜੂਨੀਅਰ ਡਾਕਟਰ ਦੇ ਰੇਪ ਅਤੇ ਕਤਲ ਨੂੰ ਲੈ ਕੇ ਦੇਸ਼ ਭਰ ਵਿਚ ਵਿਰੋਧ ਪ੍ਰਦਰਸ਼ਨ ਹੋਏ। 9 ਅਗਸਤ ਨੂੰ ਹਸਪਤਾਲ ਦੇਸੈਮੀਨਾਰ ਹਾਲ ਦੇ ਅੰਦਰ ਡਾਕਟਰ ਦੀ ਲਾਸ਼ ਮਿਲੀ ਸੀ, ਜਿਸ 'ਤੇ ਗੰਭੀਰ ਸੱਟਾਂ ਦੇ ਨਿਸ਼ਾਨ ਸਨ। ਕੋਲਕਾਤਾ ਪੁਲਸ ਨੇ ਘਟਨਾ ਦੇ ਅਗਲੇ ਦਿਨ ਇਕ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਸੀ। 13 ਅਗਸਤ ਨੂੰ ਕਲਕੱਤਾ ਹਾਈ ਕੋਰਟ ਨੇ ਮਾਮਲੇ ਦੀ ਜਾਂਚ ਕੋਲਕਾਤਾ ਪੁਲਸ ਤੋਂ ਸੀ. ਬੀ. ਆਈ ਨੂੰ ਸੌਂਪਣ ਦਾ ਹੁਕਮ ਦਿੱਤਾ ਅਤੇ ਸੀ. ਬੀ. ਆਈ ਨੇ 14 ਅਗਸਤ ਨੂੰ ਜਾਂਚ ਸ਼ੁਰੂ ਕਰ ਦਿੱਤੀ। ਹਾਈ ਕੋਰਟ ਨੇ ਮ੍ਰਿਤਕ ਦੇ ਮਾਪਿਆਂ ਸਮੇਤ ਕਈ ਪਟੀਸਨਾਂ 'ਤੇ ਸੁਣਵਾਈ ਕਰਦਿਆਂ ਮਾਮਲੇ ਦੀ ਜਾਂਚ ਸੀ. ਬੀ. ਆਈ ਨੂੰ ਸੌਂਪ ਦਿੱਤੀ ਹੈ। ਮ੍ਰਿਤਕ ਦੇ ਮਾਪਿਆਂ ਨੇ ਅਦਾਲਤ ਦੀ ਨਿਗਰਾਨੀ ਹੇਠ ਜਾਂਚ ਦੀ ਮੰਗ ਕੀਤੀ ਸੀ।

ਪੀੜਤਾਂ ਦੇ ਪਰਿਵਾਰਾਂ ਲਈ ਲਈ ਇੱਕ ਫਾਊਂਡੇਸ਼ਨ ਬਣਾਏਗੀ ਸਰਕਾਰ : ਯੂਨਸ

ਢਾਕਾ 20 ਅਗਸਤ। ਬੰਗਲਾਦੇਸ ਦੀ ਅੰਤਰਿਮ ਸਰਕਾਰ ਨੇ ਮੰਗਲਵਾਰ ਨੂੰ ਕਿਹਾ ਕਿ ਉਹ ਦੇਸ ਵਿੱਚ ਵਿਸ਼ਾਲ ਵਿਰੋਧ ਪ੍ਰਦਰਸਨਾਂ ਵਿੱਚ ਹਿੱਸਾ ਲੈਣ ਵਾਲੇ ਜਖਮੀਆਂ, ਮਰਨ ਵਾਲਿਆਂ ਅਤੇ ਜਖਮੀਆਂ ਦੇ ਪਰਿਵਾਰਾਂ ਦੀ ਦੇਖਭਾਲ ਲਈ ਮੁੱਖ ਸਲਾਹਕਾਰ ਪ੍ਰੋਫੈਸਰ ਮੁਹੰਮਦ ਯੂਨਸ ਦੀ ਪ੍ਰਧਾਨਗੀ ਹੇਠ ਇੱਕ ਫਾਊਂਡੇਸਨ ਸਥਾਪਤ ਕਰੇਗੀ ਤੇ ਇਨ੍ਹਾਂ ਵਿਰੋਧ ਪ੍ਰਦਰਸਨਾਂ ਕਾਰਨ ਸੇਖ ਹਸੀਨਾ ਸਰਕਾਰ ਡਿੱਗ ਗਈ। ਸਰਕਾਰੀ ਨੌਕਰੀਆਂ ਵਿੱਚ ਵਿਵਾਦਗ੍ਰਸਤ ਰਾਖਵਾਂਕਰਨ ਪ੍ਰਣਾਲੀ ਦੇ ਖਿਲਾਫ ਜੁਲਾਈ ਵਿੱਚ ਸ਼ੁਰੂ ਹੋਏ ਵਿਦਿਆਰਥੀਆਂ ਦੁਆਰਾ ਵੱਡੇ ਪੱਧਰ 'ਤੇ ਪ੍ਰਦਰਸਨ ਸ਼ੁਰੂ ਹੋਣ ਤੋਂ ਬਾਅਦ 44 ਪੁਲਸ ਕਰਮਚਾਰੀਆਂ ਸਮੇਤ 600 ਤੋਂ ਵੱਧ ਲੋਕ ਮਾਰੇ ਗਏ ਹਨ। ਬੰਗਲਾਦੇਸ ਸਰਕਾਰ ਦੇ ਮੁੱਖ ਸਲਾਹਕਾਰ ਦੇ ਅਧਿਕਾਰਤ ਹੈਂਡਲ ਦੇ ਅਨੁਸਾਰ, ਸਰਕਾਰ ਨੇ ਜੁਲਾਈ-ਅਗਸਤ 2024 ਵਿੱਚ ਵਿਦਿਆਰਥੀ ਦੀ ਅਗਵਾਈ ਵਾਲੀ ਕ੍ਰਾਂਤੀ ਵਿੱਚ ਹਿੱਸਾ ਲੈਣ ਵਾਲੇ ਮ੍ਰਿਤਕਾਂ ਅਤੇ ਜਖਮੀਆਂ ਦੇ ਪਰਿਵਾਰਾਂ ਦੀ ਦੇਖਭਾਲ ਲਈ ਇੱਕ ਫਾਊਂਡੇਸਨ ਸਥਾਪਤ ਕਰਨ ਦਾ ਫੈਸਲਾ ਕੀਤਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਮੁੱਖ ਸਲਾਹਕਾਰ ਪ੍ਰੋਫੈਸਰ ਮੁਹੰਮਦ ਯੂਨਸ ਫਾਊਂਡੇਸਨ ਦੀ ਅਗਵਾਈ ਕਰਨਗੇ, ਜਿਸ ਵਿੱਚ ਅੰਤਰਿਮ ਸਰਕਾਰ ਦੇ ਕਈ ਸਲਾਹਕਾਰ, ਵਿਦਿਆਰਥੀ ਪ੍ਰਤੀਨਿਧੀ ਅਤੇ ਮ੍ਰਿਤਕਾਂ ਅਤੇ ਜਖਮੀਆਂ ਦੇ ਪਰਿਵਾਰਾਂ ਦੇ ਮੈਂਬਰ ਸਾਮਲ ਹੋਣਗੇ। ਬਿਆਨ ਮੁਤਾਬਕ ਇਸ ਵਿਚ ਕਿਹਾ ਗਿਆ ਹੈ ਕਿ ਫਾਊਂਡੇਸਨ ਦੀ ਰੂਪਰੇਖਾ ਦਾ ਐਲਾਨ ਜਲਦੀ ਹੀ ਕੀਤਾ ਜਾਵੇਗਾ।

ਸਿੱਖਿਆ ਅਤੇ ਨੌਜਵਾਨਾਂ ਨੂੰ ਆਪਸੀ ਲੜਾਈ, ਨਾਂਹਪੱਖੀ ਸਿਆਸਤ ਤੋਂ ਦੂਰ ਰੱਖੇ ਭਾਜਪਾ: ਅਖਿਲੇਸ਼ ਯਾਦਵ

ਏਜੰਸੀਆਂ

ਲਖਨਊ 20ਅਗਸਤ। ਉਤਰ ਪ੍ਰਦੇਸ ਦੇ ਸਾਬਕਾ ਮੁੱਖ ਮੰਤਰੀ ਅਤੇ ਸਮਾਜਵਾਦੀ ਪਾਰਟੀ (ਸਪਾ) ਦੇ ਪ੍ਰਧਾਨ ਅਖਿਲੇਸ਼ ਯਾਦਵ ਨੇ ਐਤਵਾਰ ਨੂੰ ਉਪ ਮੁੱਖ ਮੰਤਰੀ ਕੇਸਵ ਪ੍ਰਸਾਦ ਮੌਰੀਆ 'ਤੇ ਵਿਅੰਗ ਕਰਦੇ ਹੋਏ ਸੱਤਾਧਾਰੀ ਪਾਰਟੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੂੰ ਸਲਾਹ ਦਿੱਤੀ ਕਿ ਉਹ ਸਿੱਖਿਆ ਅਤੇ ਨੌਜਵਾਨਾਂ ਨੂੰ ਆਪਸੀ ਲੜਾਈ ਅਤੇ ਨਾਂਹਪੱਖੀ ਸਿਆਸਤ ਤੋਂ ਦੂਰ ਰੱਖੇ। ਸਪਾ ਦੇ ਪ੍ਰਮੁੱਖ ਨੇ ਸੋਸਲ ਮੀਡੀਆ ਪਲੇਟਫਾਰਮ 'ਐਕਸ' 'ਤੇ ਲਿਖਿਆ, "ਦਰਦ ਦੇਣ ਵਾਲੇ, ਦਵਾਈ ਦੇਣ ਦਾ ਦਾਅਵਾ ਨਾ ਕਰੋ!" ਇਸੀ ਪੋਸਟ 'ਚ ਯਾਦਵ ਨੇ ਕਿਹਾ, "69,000 ਅਧਿਆਪਕ ਭਰਤੀ ਮਾਮਲੇ 'ਚ ਉਤਰ ਪ੍ਰਦੇਸ ਦੇ ਇਕ 'ਕ੍ਰਿਪਾ ਪ੍ਰਾਪਤ ਉਪ ਮੁੱਖ ਮੰਤਰੀ ਜੀ' (ਕੇਸਵ ਪ੍ਰਸਾਦ ਮੌਰੀਆ) ਦਾ ਬਿਆਨ ਵੀ ਸਾਜ਼ਿਸ਼ ਭਰਿਆ ਹੈ। ਪਹਿਲਾਂ ਤਾਂ ਰਾਖਵੇਂਕਰਨ ਦੇ ਹੱਕਮਾਰੀ 'ਚ ਖੁਦ ਵੀ ਸਰਕਾਰ ਨਾਲ ਸ਼ਾਮਲ ਰਹੇ ਅਤੇ ਜਦੋਂ ਨੌਜਵਾਨਾਂ ਨੇ ਉਨ੍ਹਾਂ ਦੇ ਖਿਲਾਫ ਲੰਬੇ ਸੰਘਰਸ ਤੋਂ ਬਾਅਦ ਇਨਸਾਫ ਹਾਸਲ ਕੀਤਾ, ਤਾਂ ਆਪਣੀ ਹਮਦਰਦੀ ਦਿਖਾਉਣ ਲਈ ਅੱਗੇ ਆ ਗਏ।" ਮੌਰਿਆ ਨੇ ਸਨੀਵਾਰ ਨੂੰ 'ਐਕਸ' 'ਤੇ ਇਕ ਪੋਸਟ 'ਚ ਕਿਹਾ ਸੀ, "ਅਧਿਆਪਕਾਂ ਦੀ ਭਰਤੀ 'ਚ ਇਲਾਹਾਬਾਦ ਹਾਈ ਕੋਰਟ ਦਾ ਫੈਸਲਾ ਸਮਾਜਿਕ ਨਿਆਂ ਦੀ ਦਿਸ਼ਾ 'ਚ ਇਕ ਸਵਾਗਤਯੋਗ ਕਦਮ ਹੈ। ਇਹ ਉਨ੍ਹਾਂ ਪਿਛੜੇ ਅਤੇ ਦਲਿਤ ਵਰਗ ਦੇ ਲੋਕਾਂ ਦੀ ਜਿੱਤ ਹੈ, ਜਿਨ੍ਹਾਂ ਨੇ ਆਪਣੇ ਅਧਿਕਾਰਾਂ ਲਈ ਲੰਬੀ ਲੜਾਈ ਲੜੀ। ਮੈਂ ਉਨ੍ਹਾਂ ਦਾ ਤਹੇ ਦਿਲ

ਤੋਂ ਸਵਾਗਤ ਕਰਦਾ ਹਾਂ।" ਯਾਦਵ ਨੇ ਦੋਸ ਲਾਇਆ, "ਅਸਲ 'ਚ ਇਹ 'ਕ੍ਰਿਪਾ ਪ੍ਰਾਪਤ ਉਪ ਮੁੱਖ ਮੰਤਰੀ ਜੀ' ਅਧਿਆਪਕ ਭਰਤੀ ਦੇ ਉਮੀਦਵਾਰਾਂ ਦੇ ਨਾਲ ਨਹੀਂ ਹਨ, ਉਹ ਤਾਂ ਇਸ ਤਰ੍ਹਾਂ ਕਰ ਕੇ ਭਾਜਪਾ 'ਚ ਆਪਣੀ ਸਿਆਸੀ ਗੋਟੀ ਖੇਡ ਰਹੇ ਹਨ।" ਯਾਦਵ ਨੇ ਇਹ ਵੀ ਕਿਹਾ, "ਉਹ ਇਸ ਮਾਮਲੇ 'ਚ ਅਪਰੋਖ ਤੌਰ 'ਤੇ ਜਿਨ੍ਹਾਂ 'ਤੇ ਉਂਗਲੀ ਉਠਾ ਰਹੇ ਹਨ, ਉਹ 'ਮਾਣਯੋਗ' ਵੀ ਅੰਦਰੂਨੀ ਸਿਆਸਤ ਦੀ ਇਸ ਖੇਲ ਨੂੰ ਸਮਝ ਰਹੇ ਹਨ। ਸਿੱਖਿਆ ਅਤੇ ਨੌਜਵਾਨਾਂ ਨੂੰ ਭਾਜਪਾ ਆਪਣੀ ਆਪਸੀ ਲੜਾਈ ਅਤੇ ਨਾਂਹਪੱਖੀ ਸਿਆਸਤ ਤੋਂ ਦੂਰ ਹੀ ਰੱਖੇ ਕਿਉਂਕਿ ਭਾਜਪਾ ਦੀਆਂ ਇਨ੍ਹਾਂ ਸਿਆਸੀ ਖਿਚਾਅ ਤਾਣ ਕਾਰਨ ਉਤਰ ਪ੍ਰਦੇਸ ਕ

ਦਿਨ-ਦਿਹਾੜੇ ਪੁਲਸ ਥਾਣੇ 'ਤੇ ਹਮਲਾ ਅਤੇ ਭਰੀ ਦੁਪਹਿਰ ਨੂੰ ਬੈਂਕਾਂ 'ਚ ਲੁੱਟ

ਦੇਸ਼ 'ਚ ਅਪਰਾਧੀਆਂ ਦੇ ਹੌਸਲੇ ਲਗਾਤਾਰ ਵਧਦੇ ਜਾ ਰਹੇ ਹਨ ਅਤੇ ਹੁਣ ਤਾਂ ਅਪਰਾਧੀ ਤੱਤਾਂ ਨੇ ਦਿਨ-ਦਿਹਾੜੇ ਡਿਊਟੀ ਦੇ ਰਹੇ ਪੁਲਸ ਮੁਲਾਜਮਾਂ 'ਤੇ ਹਮਲੇ ਕਰਨੇ ਅਤੇ ਬੈਂਕ ਲੁੱਟਣੇ ਸ਼ੁਰੂ ਕਰ ਦਿੱਤੇ ਹਨ। ਅਜਿਹੀਆਂ ਚੰਦ ਤਾਜਾ ਘਟਨਾਵਾਂ ਹੇਠਾਂ ਦਰਜ ਹਨ : 26 ਜੁਲਾਈ ਨੂੰ ਹਿਸਾਰ ਦੇ 'ਸਾਤਰੋਡ ਖੁਰਦ' ਪਿੰਡ 'ਚ ਬਿਨਾਂ ਨੰਬਰ ਪਲੇਟ ਦੀ ਬਾਈਕ 'ਤੇ ਆਏ ਹਥਿਆਰਾਂ ਨਾਲ ਲੈਸ 2 ਬਦਮਾਸ਼ਾਂ ਨੇ ਦਿਨ-ਦਿਹਾੜੇ ਸਥਾਨਕ ਯੂਕੋ ਬੈਂਕ ਦੇ ਮੈਨੇਜਰ ਦੀ ਪੁੜਪੁੜੀ 'ਤੇ ਪਿਸਤੌਲ ਰੱਖ ਕੇ ਅਤੇ ਕੈਸ਼ੀਅਰ ਨੂੰ ਚਾਕੂ ਦਿਖਾ ਕੇ 49,000 ਰੁਪਏ ਲੁੱਟ ਲਏ। ਇਨ੍ਹਾਂ 'ਚੋਂ ਇਕ ਨੌਜਵਾਨ ਨੇ ਹੈਲਮੇਟ ਪਹਿਨਿਆ ਹੋਇਆ ਸੀ ਅਤੇ ਦੂਜੇ ਨੇ ਮੂੰਹ 'ਤੇ ਕੱਪੜਾ ਬੰਨ੍ਹਿਆ ਹੋਇਆ ਸੀ। 26 ਜੁਲਾਈ ਨੂੰ ਹੀ ਨਵੀਂ ਦਿੱਲੀ ਦੇ ਜਯੋਤੀ ਨਗਰ ਥਾਣਾ ਕੰਪਲੈਕਸ 'ਚ ਇਕ ਵਿਅਕਤੀ ਨੇ ਆਪਣੇ 2 ਪੁੱਤਰਾਂ ਨਾਲ ਮਿਲ ਕੇ ਏ. ਐੱਸ. ਆਈ. ਦੀ ਕੁੱਟਮਾਰ ਕਰਨ ਦੇ ਇਲਾਵਾ ਸਿਰ 'ਤੇ ਪੱਥਰ ਮਾਰ ਕੇ ਉਸ ਨੂੰ ਜਖਮੀ ਕਰ ਦਿੱਤਾ, ਜਿਸ ਨੂੰ ਇਲਾਜ ਲਈ ਗੁਰੂ ਤੇਗ ਬਹਾਦਰ ਹਸਪਤਾਲ 'ਚ ਭਰਤੀ ਕਰਵਾਇਆ ਗਿਆ। ਏ. ਐੱਸ. ਆਈ. ਨੇ ਆਪਣੀ ਸ਼ਿਕਾਇਤ 'ਚ ਕਿਹਾ ਹੈ ਕਿ ਥਾਣੇ 'ਚ ਜਦ ਉਹ 2 ਗੁਆਂਢੀਆਂ ਵਿਚਾਲੇ ਝਗੜੇ ਦੇ ਸਿਲਸਿਲੇ 'ਚ ਇਕ ਧਿਰ ਨਾਲ ਗੱਲ ਕਰ ਰਹੇ ਸੀ ਤਾਂ ਦੂਜੀ ਧਿਰ ਦੇ ਲੋਕ ਬੁਰੀ ਤਰ੍ਹਾਂ ਭੜਕ ਗਏ ਅਤੇ ਆਪਣੇ ਬੇਟਿਆਂ ਨਾਲ ਮਿਲ ਕੇ ਉਸ 'ਤੇ ਹਮਲਾ ਕਰ ਦਿੱਤਾ। 25 ਜੁਲਾਈ ਨੂੰ ਸ੍ਰੀ ਮੁਕਤਸਰ ਸਾਹਿਬ 'ਚ ਝਗੜੇ ਦੀ ਸ਼ਿਕਾਇਤ 'ਤੇ ਪਿੰਡ ਕੁਰਾਈਵਾਲਾ ਪੁੱਜੇ ਪੁਲਸ ਕਾਂਸਟੇਬਲ ਦੀ ਕੁਝ ਲੋਕਾਂ ਨੇ ਵਰਦੀ ਪਾੜ ਦਿੱਤੀ ਤੇ ਉਸ ਦਾ ਰਿਵਾਲਵਰ ਖੋਹਣ ਦਾ ਯਤਨ ਵੀ ਕੀਤਾ। ਇਸ ਸਿਲਸਿਲੇ 'ਚ ਪੁਲਸ ਨੇ ਕੁਰਾਈਵਾਲਾ ਦੇ 4 ਲੋਕਾਂ ਨੂੰ ਕਾਬੂ ਕਰ ਲਿਆ ਹੈ। 25 ਜੁਲਾਈ ਨੂੰ ਹੀ ਨਸ਼ਾ ਸਮੱਗਲਿੰਗ ਦੀ ਸ਼ਿਕਾਇਤ ਮਿਲਣ 'ਤੇ ਮਲੋਟ 'ਚ ਛਾਪੇਮਾਰੀ ਕਰਨ ਗਈ ਪੁਲਸ ਟੀਮ ਦੇ ਮੈਂਬਰਾਂ ਨਾਲ ਦੋਸ਼ੀਆਂ ਵੱਲੋਂ ਧੱਕਾ-ਮੁੱਕੀ ਅਤੇ ਗਾਲੀ-ਗਲੋਚ ਕਰਨ ਦੇ ਦੋਸ਼ 'ਚ 2 ਔਰਤਾਂ ਸਮੇਤ 6 ਲੋਕਾਂ ਦੇ ਵਿਰੁੱਧ ਵੱਖ-ਵੱਖ ਧਾਰਾਵਾਂ ਅਧੀਨ ਕੇਸ ਦਰਜ ਕੀਤਾ ਗਿਆ। 25 ਜੁਲਾਈ ਦੀ ਰਾਤ ਨੂੰ ਹੀ ਫਰੀਦਾਬਾਦ 'ਚ ਆਪਣੇ ਸਾਥੀ ਕਾਂਸਟੇਬਲ ਨਾਲ ਗਸ਼ਤ 'ਤੇ ਨਿਕਲੇ ਸੂਰਜਕੁੰਡ ਥਾਣੇ 'ਚ ਤਾਇਨਾਤ ਸਪੈਸ਼ਲ ਪੁਲਸ ਆਫਿਸਰ (ਐੱਸ. ਪੀ. ਓ.) ਨੂੰ ਇਕ ਨੌਜਵਾਨ ਨੇ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਐੱਸ. ਪੀ. ਓ. ਨੇ ਉਸ ਨੂੰ ਅਜਿਹਾ ਕਰਨ ਤੋਂ ਰੋਕਿਆ ਤਾਂ ਦੋਸ਼ੀ ਸੜਕ ਦੇ ਕੰਢੇ ਪਈ ਇੱਟ ਨਾਲ ਵਾਰ ਕਰ ਕੇ ਉਸ ਦੀ ਹੱਤਿਆ ਕਰਨ ਪਿੱਛੋਂ ਫਰਾਰ ਹੋ ਗਿਆ। 24 ਜੁਲਾਈ ਨੂੰ ਬਿਹਾਰ ਦੇ ਪੂਰਬੀ ਚੰਪਾਰਨ ਜ਼ਿਲ੍ਹੇ 'ਚ ਸ਼ਰਾਬ ਵਿਰੋਧੀ ਮੁਹਿੰਮ 'ਚ ਸ਼ਾਮਲ ਹੋਮਗਾਰਡ ਦੇ ਜਵਾਨ ਨਾਰਾਇਣ ਰਾਏ ਨੂੰ ਸ਼ਰਾਬ ਮਾਫੀਆ ਦੇ ਮੈਂਬਰਾਂ ਨੇ ਕੁੱਟ-ਕੁੱਟ ਕੇ ਮਾਰਨਾ ਦੱਤਾ। 6 ਜੁਲਾਈ ਨੂੰ ਸੀਕਰ (ਰਾਜਸਥਾਨ) ਦੇ ਹਰਸਾਵਾ ਪਿੰਡ ਸਥਿਤ ਇਕ ਪ੍ਰਾਈਵੇਟ ਬੈਂਕ ਦੀ ਸ਼ਾਖਾ ਤੋਂ ਦਿਨ-ਦਿਹਾੜੇ ਇਕ ਨਕਾਬਪੋਸ਼ ਲੁਟੇਰੇ ਨੇ ਬੈਂਕ ਨੂੰ ਬੰਬ ਨਾਲ ਉਡਾਉਣ ਦੀ ਧਮਕੀ ਦੇ ਕੇ 24 ਲੱਖ ਰੁਪਏ ਲੁੱਟ ਲਏ। ਬਦਮਾਸ਼ ਪੈਦਲ ਹੀ ਬੈਂਕ 'ਚ ਦਾਖਲ ਹੋਇਆ ਅਤੇ 20 ਮਿੰਟ 'ਚ ਲੁੱਟ ਦੀ ਵਾਰਦਾਤ ਨੂੰ ਅੰਜਾਮ ਦੇ ਕੇ ਫਰਾਰ ਹੋ ਗਿਆ। 22 ਜੂਨ ਨੂੰ ਬਿਹਾਰ ਦੇ ਸ਼ਿਵਹਰ ਜ਼ਿਲ੍ਹੇ ਦੇ ਅੰਬਾ ਕਾਲਾ ਪਿੰਡ 'ਚ ਸਥਿਤ ਇਕ ਪ੍ਰਾਈਵੇਟ ਬੈਂਕ ਦੀ ਸ਼ਾਖਾ ਤੋਂ 5 ਹਥਿਆਰਬੰਦ ਲੁਟੇਰੇ 27 ਲੱਖ ਰੁਪਏ ਲੈ ਉੱਡੇ। ਲੁਟੇਰਿਆਂ ਨੇ ਬੈਂਕ ਦੇ ਗਾਰਡ ਵੱਲੋਂ ਵਿਰੋਧ ਕਰਨ 'ਤੇ ਗੋਲੀ ਮਾਰ ਕੇ ਉਸ ਨੂੰ ਗੰਭੀਰ ਤੌਰ 'ਤੇ ਜਖਮੀ ਕਰ ਦਿੱਤਾ। ਥਾਣਿਆਂ ਅੰਦਰ ਦਾਖਲ ਹੋ ਕੇ ਅਤੇ ਡਿਊਟੀ ਨਿਭਾਅ ਰਹੇ ਪੁਲਸ ਮੁਲਾਜਮਾਂ 'ਤੇ ਹਮਲਿਆਂ ਅਤੇ ਬੈਂਕ ਲੁੱਟਣ ਦੀਆਂ ਘਟਨਾਵਾਂ ਤੋਂ ਸਪੱਸ਼ਟ ਹੈ ਕਿ ਅਪਰਾਧੀ ਤੱਤਾਂ ਦੇ ਹੌਸਲੇ ਕਿਸ ਤਰ੍ਹਾਂ ਵਧਦੇ ਜਾ ਰਹੇ ਹਨ, ਜਿਨ੍ਹਾਂ 'ਤੇ ਨਕੇਲ ਕੱਸਣ ਲਈ ਅਜਿਹੇ ਮਾਮਲਿਆਂ ਦੀ ਜਾਂਚ ਤੇਜ ਕਰਨ ਅਤੇ ਅਪਰਾਧੀਆਂ ਨੂੰ ਤੁਰੰਤ ਸਖਤ ਤੋਂ ਸਖਤ ਸਜਾ ਦੇਣ ਦੀ ਲੋੜ ਹੈ।

ਦੋਸਤ ਕੋਲ ਰਹਿ ਰਹੇ ਨੌਜਵਾਨ ਨੇ ਚੁੱਕਿਆ ਖੌਫਨਾਕ ਕਦਮ

ਮੱਲ੍ਹੀਆਂ ਕਲਾਂ 20 ਅਗਸਤ। ਪਿੰਡ ਟੁੱਟ ਕਲਾਂ ਵਿਖੇ ਪਿਛਲੇ 2 ਮਹੀਨਿਆਂ ਤੋਂ ਇਕ ਡੇਰੇ 'ਤੇ ਰਹਿੰਦੇ ਇਕ ਨੌਜਵਾਨ ਵੱਲੋਂ ਫਾਹਾ ਲੈ ਕੇ ਆਪਣੀ ਜੀਵਨ ਲੀਲਾ ਖਤਮ ਕਰ ਲਈ ਗਈ। ਖਬਰ ਮਿਲਦੇ ਹੀ ਥਾਣਾ ਸਦਰ ਨਕੋਦਰ ਦੇ ਮੁਖੀ ਐੱਸ. ਐੱਚ. ਓ. ਗੁਰਿੰਦਰਜੀਤ ਸਿੰਘ ਨਾਗਰਾ ਪੁਲਸ ਪਾਰਟੀ ਨਾਲ ਮੌਕੇ 'ਤੇ ਪੁੱਜੇ ਅਤੇ ਲਾਸ਼ ਨੂੰ ਆਪਣੇ ਕਬਜੇ 'ਚ ਲੈ ਕੇ ਜਾਂਚ ਆਰੰਭ ਦਿੱਤੀ। ਇਸ ਕੇਸ ਦੀ ਜਾਂਚ ਕਰ ਰਹੇ ਏ. ਐੱਸ. ਆਈ. ਜਨਕ ਰਾਜ ਨੇ ਦੱਸਿਆ ਕਿ ਜੋਰਾਵਰ ਸਿੰਘ (25) ਪੁੱਤਰ ਲਛਮਣ ਸਿੰਘ ਵਾਸੀ ਸਿੱਧਵਾਂ ਸਟੇਸਨ ਥਾਣਾ ਸਦਰ ਨਕੋਦਰ ਦਾ ਰਹਿਣ ਵਾਲਾ ਸੀ। ਉਹ ਪਿਛਲੇ 2 ਮਹੀਨਿਆਂ ਤੋਂ ਪਿੰਡ ਟੁੱਟ ਕਲਾਂ ਵਿਖੇ ਆਪਣੇ ਦੋਸਤ ਹਰਵੀਰ ਸਿੰਘ ਪੁੱਤਰ ਸਤਨਾਮ ਸਿੰਘ ਦੇ ਖੂਹ 'ਤੇ ਰਹਿ ਰਿਹਾ ਸੀ, ਕਿਉਂਕਿ ਉਸ ਦੇ ਮਾਤਾ-ਪਿਤਾ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦੀਆਂ 2 ਭੈਣਾਂ ਆਪਣੇ ਸਹੁਰੇ ਘਰ ਰਹਿ ਰਹੀਆਂ ਹਨ। ਉਨ੍ਹਾਂ ਦੱਸਿਆ ਕਿ ਮ੍ਰਿਤਕ ਅਜੇ ਕੁਆਰਾ ਸੀ ਅਤੇ ਆਪਣੇ ਦੋਸਤ ਕੋਲ ਹੀ ਰਹਿ ਰਿਹਾ ਸੀ। ਖੁਦਕੁਸ਼ੀ ਦੇ ਕਾਰਨਾਂ ਦਾ ਅਜੇ ਤੱਕ ਪਤਾ ਨਹੀਂ ਚੱਲਿਆ ਹੈ। ਪੁਲਸ ਨੇ ਲਾਸ਼ ਨੂੰ ਕਬਜੇ 'ਚ ਲੈ ਕੇ ਪੋਸਟਮਾਰਟਮ ਲਈ ਨਕੋਦਰ ਸਿਵਲ ਹਸਪਤਾਲ ਵਿਖੇ ਰੱਖ ਦਿੱਤਾ ਹੈ। ਇੰਸ. ਗੁਰਿੰਦਰਜੀਤ ਸਿੰਘ ਨਾਗਰਾ ਨੇ ਦੱਸਿਆ ਕਿ ਪੁਲਸ ਨੇ ਅਜੇ 174 ਦੀ ਕਾਰਵਾਈ ਕਰਦਿਆਂ ਮਾਮਲਾ ਦਰਜ ਕੀਤਾ ਹੈ। ਪੋਸਟਮਾਰਟਮ ਦੀ ਰਿਪੋਰਟ ਆਉਣ ਉਪਰੰਤ ਹੀ ਅਗਲੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਫਿਲਹਾਲ ਪੁਲਸ ਵੱਲੋਂ ਮ੍ਰਿਤਕ ਦੇ ਦੋਸਤ ਦੇ ਪਰਿਵਾਰ ਕੋਲੋਂ ਇਸ ਸਬੰਧੀ ਪੁੱਛਗਿੱਛ ਕੀਤੀ ਜਾ ਰਹੀ ਹੈ ਤਾਂਕਿ ਖੁਦਕੁਸ਼ੀ ਦੇ ਕਾਰਨਾਂ ਦਾ ਪਤਾ ਲਾਇਆ ਜਾ ਸਕੇ।

ਪਬਜੀ ਰਾਹੀਂ ਪਹਿਲਾਂ ਔਰਤ ਨਾਲ ਕੀਤੀ ਦੋਸਤੀ, ਫਿਰ ਵਿਆਹ ਦਾ ਝਾਂਸਾ ਦੇ ਕੇ ਕੀਤਾ ਜਬਰ ਜਿਨਾਹ

ਮੁੰਬਈ 20 ਅਗਸਤ। ਆਨਲਾਈਨ ਗੇਮ 'ਪਬਜੀ' ਖੇਡਣ ਦੌਰਾਨ 33 ਸਾਲਾ ਔਰਤ ਨਾਲ ਦੋਸਤੀ ਕਰ ਕੇ ਉਸ ਨੂੰ ਵਿਆਹ ਦਾ ਝਾਂਸਾ ਦੇ ਕੇ ਜਬਰ ਜ਼ਿਨਾਹ ਕਰਨ ਦੇ ਦੋਸ਼ 'ਚ ਇਕ 35 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਪਬਜੀ ਖੇਡਣ ਦੌਰਾਨ ਦੋਸਤੀ ਤੋਂ ਬਾਅਦ ਦੋਸ਼ੀ ਅਤੇ ਔਰਤ ਨੇ ਬਾਅਦ 'ਚ ਮੁੰਬਈ 'ਚ ਇਕ ਇਵੈਂਟ ਮੈਨੇਜਮੈਂਟ ਕੰਪਨੀ 'ਚ ਇਕੱਠੇ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। ਪੁਲਸ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਦੋਸ਼ੀ ਅਤੇ ਔਰਤ 2020 ਦੇ ਆਖੀਰ 'ਚ ਆਨਲਾਈਨ ਮਿਲੇ ਸਨ। ਅਧਿਕਾਰੀ ਨੇ ਕਿਹਾ,"ਦੋਸ਼ੀ ਨੇ ਔਰਤ ਨਾਲ ਵਿਆਹ ਦਾ ਵਾਅਦਾ ਕਰ ਕੇ ਉਸ ਨਾਲ ਸਰੀਰਕ ਸੰਬੰਧ ਬਣਾਏ। ਸ਼ਿਕਾਇਤ ਅਨੁਸਾਰ ਜਨਵਰੀ 2023 ਤੱਕ ਵੱਖ-ਵੱਖ ਹੋਟਲਾਂ

'ਚ ਕਈ ਵਾਰ ਔਰਤ ਨਾਲ ਜਬਰ ਜ਼ਿਨਾਹ ਕੀਤਾ ਅਤੇ ਇਸ ਦਾ ਵੀਡੀਓ ਵੀ ਬਣਾਇਆ।" ਉਸ ਨੇ ਔਰਤ ਨੂੰ ਧਮਕੀ ਦਿੱਤੀ ਕਿ ਜੇਕਰ ਉਸ ਨੇ ਉਸ ਨਾਲ ਸਰੀਰਕ ਸੰਬੰਧ ਬਣਾਉਣ ਤੋਂ ਇਨਕਾਰ ਕੀਤਾ ਤਾਂ ਉਹ ਸੋਸ਼ਲ ਮੀਡੀਆ 'ਤੇ ਇਨ੍ਹਾਂ ਵੀਡੀਓ ਕਲਿੱਪ ਨੂੰ ਸ਼ੇਅਰ ਕਰ ਦੇਵੇਗਾ। ਅਧਿਕਾਰੀ ਨੇ ਕਿਹਾ,"ਦੋਸ਼ੀ ਨੇ ਜਦੋਂ ਵਿਆਹ ਤੋਂ ਮਨ੍ਹਾ ਕੀਤਾ ਤਾਂ ਔਰਤ ਨੇ ਪੁਲਸ ਨਾਲ ਸੰਪਰਕ ਕੀਤਾ, ਜਿਸ ਤੋਂ ਬਾਅਦ ਭਾਰਤੀ ਦੰਡਾਵਲੀ ਦੀਆਂ ਧਾਰਾਵਾਂ 376 (ਜਬਰ ਜ਼ਿਨਾਹ ਦਾ ਦੋਸ਼), 376 (ਐੱਨ) (2) (ਵਿਆਹ ਦਾ ਵਾਅਦਾ ਕਰ ਕੇ ਸਰੀਰਕ ਸੰਬੰਧ ਬਣਾਉਣਾ) ਅਤੇ 420 (ਧੋਖਾਧੜੀ) ਦੇ ਅਧੀਨ ਐੱਫ.ਆਈ.ਆਰ. ਦਰਜ ਕੀਤੀ ਗਈ।" ਮਾਮਲੇ 'ਚ ਅੱਗੇ ਦੀ ਜਾਂਚ ਜਾਰੀ ਹੈ।

ਵਿਅਕਤੀ ਨੇ ਸੋਸ਼ਲ ਮੀਡੀਆ 'ਤੇ ਲਾਈਵ ਹੋ ਕੇ ਪੀਤੀ ਚੂਹੇ ਮਾਰਨ ਵਾਲੀ ਦਵਾਈ, ਸਕੇ ਭਰਾ 'ਤੇ ਲਾਏ ਗੰਭੀਰ ਦੋਸ਼

ਭਾਮੀਆਂ ਕਲਾਂ 20 ਅਗਸਤ। ਇੱਥੇ ਇਕ ਵਿਅਕਤੀ ਨੇ ਆਪਣੇ ਸਕੇ ਭਰਾ ਅਤੇ ਟਿੱਪਰ ਮਾਲਕਾਂ 'ਤੇ ਗੰਭੀਰ ਦੋਸ਼ ਲਾਉਂਦੇ ਹੋਏ ਸੋਸਲ ਮੀਡੀਆ 'ਤੇ ਲਾਈਵ ਹੋ ਕੇ ਚੂਹੇ ਮਾਰਨ ਵਾਲੀ ਦਵਾਈ ਪੀ ਲਈ। ਉਕਤ

ਵਿਅਕਤੀ ਨੇ ਥਾਣਾ ਜਮਾਲਪੁਰ ਦੀ ਪੁਲਸ ਨੂੰ ਦਿੱਤੀ ਸ਼ਿਕਾਇਤ 'ਚ ਸਿਰਫ ਆਪਣੇ ਭਰਾ ਖ਼ਿਲਾਫ ਹੀ ਗਾਲੀ-ਗਲੋਚ ਕਰਨ ਅਤੇ ਕੁੱਟਮਾਰ ਦੇ ਹੀ ਦੋਸ ਲਗਾਏ ਹਨ। ਜਾਂਚ ਅਧਿਕਾਰੀ ਅਨੁਸਾਰ ਦੀਪਕ ਸਿੰਘ ਵਾਸੀ ਸਾਹਬਾਣਾ ਨੇ ਆਪਣੀ ਸ਼ਿਕਾਇਤ 'ਚ ਦੱਸਿਆ ਕਿ ਤਾਜਪੁਰ ਰੋਡ 'ਤੇ ਰਹਿਣ ਵਾਲਾ ਉਸ ਦਾ ਭਰਾ ਸਤੀਸ ਕੁਮਾਰ ਅਕਸਰ ਹੀ ਉਸ ਨਾਲ ਗਾਲੀ-ਗਲੋਚ ਕਰਦਾ ਹੈ। ਇਸ ਦੀ ਜਾਂਚ ਪੁਲਸ ਵੱਲੋਂ ਕੀਤੀ ਜਾ ਰਹੀ ਹੈ। ਜ਼ਿਕਰਯੋਗ ਹੈ ਕਿ ਉਕਤ ਦੀਪਕ ਸਿੰਘ ਵੱਲੋਂ ਪੁਲਸ ਨੂੰ ਸ਼ਿਕਾਇਤ ਦੇਣ ਦੇ ਬਾਅਦ ਸੋਸਲ ਮੀਡੀਆ 'ਤੇ ਲਾਈਵ ਹੋ ਕੇ ਆਪਣੇ ਟਿੱਪਰ ਮਾਲਕਾਂ ਅਤੇ ਭਰਾ ਦੇ ਖ਼ਿਲਾਫ ਬੁਰੀ ਤਰ੍ਹਾ ਕੁੱਟਮਾਰ ਕਰਨ ਅਤੇ ਫਿਰ ਪੁਲਸ ਨੂੰ ਫੜ੍ਹਾਉਣ ਦੇ ਗੰਭੀਰ ਦੋਸ ਲਗਾਏ ਸਨ। ਦੀਪਕ ਸਿੰਘ ਦਾ ਦੋਸ ਸੀ ਕਿ ਉਸਦੇ ਭਰਾ ਨੇ ਮਾਲਕਾਂ ਨਾਲ ਮਿਲ ਕੇ ਉਸ ਨਾਲ ਕੁੱਟਮਾਰ ਕੀਤੀ ਅਤੇ ਫਿਰ ਉਸ ਨੂੰ ਜਬਰਦਸਤੀ ਟਿੱਪਰ 'ਤੇ ਡਰਾਈਵਰੀ ਕਰਨ ਲਈ ਮਜਬੂਰ ਕੀਤਾ ਹੈ।

2 ਵਿਅਕਤੀਆਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ ਮਾਰੀ 17 ਲੱਖ ਰੁਪਏ ਦੀ ਠੱਗੀ, ਏਜੰਟ ਖ਼ਿਲਾਫ ਮਾਮਲਾ ਦਰਜ

ਤਰਨਤਾਰਨ 20 ਅਗਸਤ। ਥਾਣਾ ਵਲਟੋਹਾ ਦੀ ਪੁਲਸ ਨੇ ਦੋ ਵਿਅਕਤੀਆਂ ਨੂੰ ਵਿਦੇਸ਼ ਭੇਜਣ ਦੇ ਨਾਮ 'ਤੇ 17 ਲੱਖ ਰੁਪਏ ਦੀ ਠੱਗੀ ਮਾਰਨ ਦੇ ਜ਼ੁਰਮ ਹੇਠ ਏਜੰਟ ਖ਼ਿਲਾਫ ਮਾਮਲਾ ਦਰਜ ਕਰ ਗ੍ਰਿਫਤਾਰੀ ਲਈ ਭਾਲ ਸ਼ੁਰੂ ਕਰ ਦਿੱਤੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਵਲਟੋਹਾ ਦੇ ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਪਲਵਿੰਦਰ ਸਿੰਘ ਪੁੱਤਰ ਮਲੂਕ ਸਿੰਘ ਵਾਸੀ ਅਮਰਕੋਟ ਨੇ ਪੁਲਸ ਨੂੰ ਸ਼ਿਕਾਇਤ ਦਰਜ ਕਰਵਾਈ ਸੀ ਕਿ ਉਸਨੇ ਏਜੰਟ ਗੁਰਦਿੱਤ ਸਿੰਘ ਪੁੱਤਰ ਲਾਹੌਰਾ ਸਿੰਘ ਵਾਸੀ ਆਸਲ ਉਤਾੜ ਨੂੰ ਇਟਲੀ ਭੇਜਣ ਸਬੰਧੀ 10 ਲੱਖ ਰੁਪਏ ਦੀ ਮੰਗ ਕੀਤੀ ਗਈ ਸੀ, ਜਿਸ ਸਬੰਧੀ ਵੱਖ-ਵੱਖ ਤਰੀਕਾਂ ਰਾਹੀਂ ਏਜੰਟ ਗੁਰਦਿੱਤ ਸਿੰਘ ਨੂੰ 10

ਲੱਖ 50 ਹਜ਼ਾਰ ਰੁਪਏ ਦੇ ਦਿੱਤੇ ਹਨ। ਇਸ ਸਬੰਧੀ ਏਜੰਟ ਵਲੋਂ ਉਸ ਦੇ ਮੋਬਾਇਲ ਉੱਪਰ ਦੁੱਬਈ ਦਾ ਵੀਜ਼ਾ ਭੇਜ ਦਿੱਤਾ ਗਿਆ ਪ੍ਰੰਤੂ ਉਸ ਨੂੰ ਨਾ ਤਾਂ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਉਸ ਦੀ ਰਕਮ ਵਾਪਸ ਕੀਤੀ ਗਈ। ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਇਸੇ ਤਰ੍ਹਾਂ ਗੁਰਪਾਲ ਸਿੰਘ ਪੁੱਤਰ ਸੁਖਪਾਲ ਸਿੰਘ ਵਾਸੀ ਕੋਠੀ ਦੀ ਉਕਤ ਏਜੰਟ ਨਾਲ ਇਟਲੀ ਭੇਜਣ ਸਬੰਧੀ 14 ਲੱਖ 50 ਹਜ਼ਾਰ ਰੁਪਏ ਵਿਚ ਗੱਲ ਹੋ ਗਈ। ਉਨ੍ਹਾਂ ਦੱਸਿਆ ਕਿ ਏਜੰਟ ਗੁਰਦਿੱਤ ਸਿੰਘ ਵਲੋਂ 6 ਲੱਖ 50 ਹਜ਼ਾਰ ਰੁਪਏ ਅਸੂਲ ਕਰਨੇ ਪਾਏ ਗਏ ਹਨ, ਜਿਸ ਤੋਂ ਬਾਅਦ ਗੁਰਪਾਲ ਸਿੰਘ ਨੂੰ ਨਾ ਤਾਂ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਉਸਦੀ ਰਕਮ ਵਾਪਸ ਕੀਤੀ ਗਈ। ਸਬ ਇੰਸਪੈਕਟਰ ਬਲਵਿੰਦਰ ਸਿੰਘ ਨੇ ਦੱਸਿਆ ਕਿ ਦੋਵਾਂ ਵਿਅਕਤੀਆਂ ਪਾਸੋਂ ਏਜੰਟ ਗੁਰਦਿੱਤ ਸਿੰਘ ਵਲੋਂ ਕੁੱਲ 17 ਲੱਖ ਰੁਪਏ ਦੀ ਠੱਗੀ ਵਿਦੇਸ਼ ਭੇਜਣ ਦੇ ਨਾਮ ਉੱਪਰ ਮਾਰੀ ਗਈ ਹੈ। ਜਿਸਦੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

ਵਿਆਹ ਤੋਂ ਬਾਅਦ ਪਤੀ ਨੂੰ ਆਸਟ੍ਰੇਲੀਆ ਨਾ ਲਿਜਾਣ ਸਬੰਧੀ ਪਤਨੀ ਨਾਮਜ਼ਦ

ਤਰਨਤਾਰਨ 20 ਅਗਸਤ। ਵਿਆਹ ਕਰਵਾਉਣ ਤੋਂ ਬਾਅਦ ਪਤਨੀ ਵਲੋਂ ਪਤੀ ਨੂੰ ਵਿਦੇਸ਼ ਨਾ ਲਿਜਾਣ, ਨਾਲ ਨਾ ਰੱਖਣ ਅਤੇ ਕੀਤੇ ਗਏ ਇਕਰਾਰਨਾਮੇ ਤੋਂ ਮੁੱਕਰਨ ਸਬੰਧੀ ਥਾਣਾ ਸਿਟੀ ਤਰਨਤਾਰਨ ਦੀ ਪੁਲਸ ਨੇ ਪਤਨੀ, ਸਹੁਰਾ ਅਤੇ ਵਿਚੋਲਣ ਖ਼ਿਲਾਫ ਮਾਮਲਾ ਦਰਜ ਕਰ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਹੈ। ਜ਼ਿਕਰਯੋਗ ਹੈ ਕਿ ਵਿਆਹ ਤੋਂ ਬਾਅਦ ਕਰੀਬ ਚਾਰ ਸਾਲ ਪਹਿਲਾਂ ਪਤਨੀ ਆਪਣੇ ਪਤੀ ਨੂੰ ਧੋਖਾ ਦੇ ਕੇ ਆਸਟ੍ਰੇਲੀਆ ਜਾ ਪੁੱਜੀ ਹੈ। ਜਾਣਕਾਰੀ ਦਿੰਦੇ ਹੋਏ ਥਾਣਾ ਸਿਟੀ ਤਰਨਤਾਰਨ ਅਧੀਨ

ਆਉਂਦੀ ਪੁਲਸ ਚੌਕੀ ਬੱਸ ਸਟੈਂਡ ਦੇ ਇੰਚਾਰਜ ਹਰਵਿੰਦਰ ਪਾਲ ਸਿੰਘ ਨੇ ਦੱਸਿਆ ਕਿ ਮੇਜਰ ਸਿੰਘ ਪੁੱਤਰ ਸੰਤੋਖ ਸਿੰਘ ਵਾਸੀ ਪਿੰਡ ਮਲੀਆ ਵਲੋਂ ਦਿੱਤੇ ਗਏ ਬਿਆਨਾਂ ਵਿਚ ਦੱਸਿਆ ਗਿਆ ਹੈ ਕਿ ਉਸ ਦੇ ਭਤੀਜੇ ਮਨਪ੍ਰੀਤ ਸਿੰਘ ਪੁੱਤਰ ਹਰਦੀਪ ਸਿੰਘ ਵਾਸੀ ਪਿੰਡ ਮਲੀਆ ਦਾ ਵਿਆਹ 2019 ਦੌਰਾਨ ਮਨਪ੍ਰੀਤ ਕੌਰ ਪੁੱਤਰੀ ਉੱਤਮ ਸਿੰਘ ਵਾਸੀ ਪਿੰਡ ਕਲੇਰ ਨਾਲ ਹੋਇਆ ਸੀ। ਜਿਸ ਵਿਚ ਕੁੜੀ ਵਲੋਂ ਮੁੰਡੇ ਨੂੰ ਆਸਟ੍ਰੇਲੀਆ ਲੈ ਜਾਣ ਸਬੰਧੀ ਵਾਅਦਾ ਕੀਤਾ ਗਿਆ ਸੀ ਅਤੇ ਇਸ ਦੌਰਾਨ ਕਰੀਬ 21 ਲੱਖ ਰੁਪਏ ਦਾ ਖਰਚ ਵੀ ਆਇਆ ਸ

ਧੀ ਨੇ ਮੰਗੇਤਰ ਨਾਲ ਮਿਲ ਕੀਤਾ ਮਾਂ ਦਾ ਕਤਲ, ਫਿਰ ਖੁਦ ਪੁਲਸ ਨੇ ਫੋਨ ਕਰ ਆਖੀ ਇਹ ਗੱਲ

ਨਵੀਂ ਦਿੱਲੀ 20ਅਗਸਤ। ਦੱਖਣ-ਪੱਛਮ ਦਿੱਲੀ ਦੇ ਨਜਫਗੜ੍ਹ ਇਲਾਕੇ 'ਚ ਇਕ ਧੀ ਨੂੰ ਮਾਂ ਦੇ ਕਤਲ ਦੇ ਦੋਸ਼ 'ਚ ਗ੍ਰਿਫਤਾਰ ਕੀਤਾ ਗਿਆ ਹੈ। ਇਸ ਵਾਰਦਾਤ 'ਚ ਕੁੜੀ ਦਾ ਮੰਗੇਤਰ ਅਤੇ ਇਕ ਦੋਸਤ ਵੀ ਸ਼ਾਮਲ ਸੀ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਦੋਸ਼ੀਆਂ ਦੀ ਪਛਾਣ ਮੋਨਿਕਾ, ਉਸ ਦੇ ਮੰਗੇਤਰ ਨਵੀਨ ਕੁਮਾਰ ਅਤੇ ਉਸ ਦੇ ਦੋਸਤ ਯੋਗੇਸ਼ ਉਰਫ ਯੋਗੀ ਵਜੋਂ ਕੀਤੀ ਗਈ ਹੈ। ਨਵੀਨ ਨਰੇਲਾ ਦਾ ਜਦੋਂ ਕਿ ਯੋਗੀ ਹਰਿਆਣਾ ਦੇ ਸੋਨੀਪਤ ਦਾ ਰਹਿਣ ਵਾਲਾ ਹੈ। ਪੁਲਸ ਨੇ ਦੱਸਿਆ ਕਿ ਸ਼ੁੱਕਰਵਾਰ ਨੂੰ ਉਸ ਨੂੰ ਇਕ ਕੁੜੀ ਨੇ ਫੋਨ ਕਰ ਕੇ ਕਿਹਾ ਕਿ ਘਰ ਦੇ ਅੰਦਰ ਉਸ ਦੀ ਮਾਂ ਹੈ ਪਰ ਉਹ ਕੋਈ ਜਵਾਬ ਨਹੀਂ ਦੇ ਰਹੀ ਹੈ, ਇਸ ਲਈ ਉਹ ਚਾਹੁੰਦੀ ਹੈ ਕਿ ਪੁਲਸ ਉੱਥੇ ਜਾ ਕੇ ਪਤਾ ਕਰੇ। ਫੋਨ ਕਰਨ ਵਾਲੀ ਕੁੜੀ ਨੇ ਆਪਣਾ ਨਾਂ ਮੋਨਿਕਾ ਸੋਲੰਕੀ ਦੱਸਿਆ ਅਤੇ ਕਿਹਾ ਕਿ ਉਸ ਦੀ 58 ਸਾਲਾ ਮਾਂ ਨਜਫਗੜ੍ਹ ਮੇਨ ਮਾਰਕੀਟ 'ਚ ਇਕ ਰਿਹਾਇਸ਼ੀ ਇਮਾਰਤ ਦੀ ਚੌਥੀ ਮੰਜਲ 'ਤੇ ਇਕੱਲੀ ਰਹਿੰਦੀ ਹੈ। ਫੋਨ ਕਰਨ ਵਾਲੀ ਕੁੜੀ ਨੇ ਪੁਲਸ ਨੂੰ ਦੱਸਿਆ ਕਿ ਇਕ ਦਿਨ ਪਹਿਲਾਂ ਹੀ ਉਸ ਨੇ ਮਾਂ ਨਾਲ ਮੁਲਾਕਾਤ ਕੀਤੀ ਅਤੇ ਉਹ ਇਕਦਮ ਠੀਕ ਸੀ। ਇਸ 'ਤੇ ਪੁਲਸ ਦੀ ਇਕ ਟੀਮ ਉੱਥੇ ਪਹੁੰਚੀ ਅਤੇ ਦਰਵਾਜਾ ਤੋੜ ਕੇ ਅੰਦਰ ਗਈ। ਅੰਦਰ ਉਸ ਨੂੰ ਮਹਿਲਾ (ਸੁਮਿਤਰਾ) ਫਰਸ਼ 'ਤੇ ਪਈ ਮਿਲੀ ਅਤੇ ਉਸ ਦੇ ਮੱਥੇ, ਇਕ ਅੱਖ ਅਤੇ ਦੋਵੇਂ ਹੱਥਾਂ ਦੀ ਕਲਾਈ 'ਤੇ ਸੱਟ ਦੇ ਨਿਸ਼ਾਨ ਸਨ। ਇਕ ਅਧਿਕਾਰੀ ਨੇ ਦੱਸਿਆ ਕਿ ਔਰਤ ਦੀ ਮੌਤ ਹੋ ਚੁੱਕੀ ਸੀ। ਇਕ ਅਧਿਕਾਰੀ ਨੇ ਦੱਸਿਆ ਕਿ ਜਾਂਚ ਦੌਰਾਨ ਪੁਲਸ ਨੇ ਇਮਾਰਤ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੇ ਫੁਟੇਜ ਦੇਖੇ, ਜਿਸ 'ਚ ਉਨ੍ਹਾਂ ਨੂੰ ਦੇਰ ਰਾਤ 2.18 ਵਜੇ 2 ਪੁਰਸ਼ ਅਤੇ ਇਕ ਕੁੜੀ ਫਲੈਟ 'ਚ ਆਉਂਦੇ ਦਿਖਾਈ ਦਿੱਤੇ। ਉਨ੍ਹਾਂ ਦੱਸਿਆ ਕਿ ਜਾਂਚ 'ਚ ਪਤਾ ਲੱਗਾ ਕਿ ਕੁੜੀ ਮੋਨਿਕਾ ਸੀ, ਬਾਅਦ 'ਚ ਦੋਹਾਂ ਪੁਰਸ਼ਾਂ ਦੀ ਪਛਾਣ ਨਵੀਨ ਅਤੇ ਯੋਗੇਸ਼ ਵਜੋਂ ਕੀਤੀ ਗਈ। ਪੁਲਸ ਨੇ ਤਿੰਨਾਂ ਨੂੰ ਗ੍ਰਿਫਤਾਰ ਕਰ ਲਿਆ ਅਤੇ ਉਨ੍ਹਾਂ ਖਿ?ਲਾਫ ਭਾਰਤੀ ਦੰਡਾਵਲੀ ਦੀ ਧਾਰਾ 103 (1) ਦੇ ਅਧੀਨ ਮਾਮਲਾ ਦਰਜ ਕੀਤਾ।

ਕੰਪਨੀ ਦਾ ਕੰਮ ਕਰਦਿਆਂ ਨੌਜਵਾਨ ਦੀ ਹੋਈ ਮੌਤ, 3 ਧੀਆਂ ਦੇ ਸਿਰ ਤੋਂ ਉੱਠਿਆ ਪਿਓ ਦਾ ਸਾਇਆ

ਅੰਮ੍ਰਿਤਸਰ 20 ਅਗਸਤ। ਅੰਮ੍ਰਿਤਸਰ 'ਚ ਇੱਕ ਨੌਜਵਾਨ ਦੀ ਕਰੰਟ ਲੱਗਣ ਕਾਰਨ ਮੌਤ ਦਾ ਮਾਮਲਾ ਸਾਹਮਣੇ ਆਇਆ ਹੈ। ਦੱਸਿਆ ਜਾ ਰਿਹਾ ਹੈ ਕਿ ਮ੍ਰਿਤਕ ਸਕਾਈਵੇ ਕੰਪਨੀ ਵਿਚ ਕੰਮ ਕਰਦਾ ਸੀ ਤੇ ਕੰਪਨੀ ਦੇ ਬਿਜਲੀ ਦਾ ਕੰਮ ਕਰਨ ਦੌਰਾਨ ਉਸਦੀ ਮੌਤ ਹੋ ਗਈ ਉਥੇ ਹੀ ਮ੍ਰਿਤਕ ਪਰਿਵਾਰ ਨੇ ਇਨਸਾਫ ਦੀ ਗੁਹਾਰ ਲਾਈ ਹੈ। ਇਸ ਮੌਕੇ ਮ੍ਰਿਤਕ ਦੇ ਪੀੜਤ ਪਰਿਵਾਰ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮ੍ਰਿਤਕ ਦਾ ਨਾਂ ਪ੍ਰਦੀਪ ਕੁਮਾਰ ਹੈ ਤੇ ਉਹ ਵੇਰਕਾ ਇਲਾਕੇ ਦੇ ਧੁੱਪਸੜੀ ਦੇ ਰਹਿਣ ਵਾਲੇ ਹਨ। ਦੱਸਿਆ ਜਾ ਰਿਹਾ ਕਿ ਮ੍ਰਿਤਕ ਪ੍ਰਦੀਪ ਕੁਮਾਰ ਸਕਾਈਵੇ ਕੰਪਨੀ 'ਚ ਪਿਛਲੇ 10-12 ਸਾਲ ਤੋਂ ਕੰਮ ਕਰ ਰਿਹਾ ਸੀ ਤੇ ਕੰਪਨੀ ਵੱਲੋਂ ਬਿਜਲੀ ਦਾ ਕੰਮ ਕਰਵਾਇਆ ਜਾ ਰਿਹਾ ਸੀ ਜਿਸ ਦੌਰਾਨ ਉਸ ਨੂੰ ਕਰੰਟ ਲੱਗ ਗਿਆ । ਕੰਟਰ ਲੱਗਣ ਕਾਰਨ ਤੁਰੰਤ ਉਸ ਨੂੰ ਹਸਪਤਾਲ ਲਿਜਾਇਆ ਗਿਆ ਜਿੱਥੇ ਉਸ ਦੀ ਮੌਤ ਹੋ ਗਈ। ਪਰਿਵਾਰ ਨੇ ਕਿਹਾ ਕਿ ਕੰਪਨੀ ਦੇ ਅਧਿਕਾਰੀ ਸਾਡੇ ਘਰ ਪ੍ਰਦੀਪ ਕੁਮਾਰ ਦੀ ਲਾਸ ਨੂੰ ਲੈ ਕੇ ਪੁੱਜੇ ਤੇ ਕਿਹਾ ਕਿ ਇਸਨੂੰ ਦਿਲ ਦਾ ਦੌਰਾ ਪਿਆ ਹੈ ਜਿਸ ਕਾਰਨ ਇਸ ਦੀ

ਮੌਤ ਹੋ ਗਈ। ਉਨ੍ਹਾਂ ਕਿਹਾ ਕੰਪਨੀ ਦੇ ਅਧਿਕਾਰੀਆਂ ਨੇ ਸਾਡੇ ਨਾਲ ਝੂਠ ਬੋਲਿਆ ਹੈ ਅਤੇ ਅਸੀਂ ਇਨਸਾਫ ਦੀ ਮੰਗ ਕਰਦੇ ਹਾਂ। ਮ੍ਰਿਤਕ ਦੀਆਂ ਤਿੰਨ ਧੀਆਂ ਹਨ ਜਿਨ੍ਹਾਂ ਦੇ ਸਿਰ ਤੋਂ ਉਸ ਦੇ ਪਿਓ ਦਾ ਸਾਇਆ ਉੱਠ ਗਿਆ ਹੈ ਹੁਣ ਉਨ੍ਹਾਂ ਦਾ ਘਰ ਕਿਵੇਂ ਚੱਲੇਗਾ। ਉਥੇ ਹੀ ਕੰਪਨੀ ਵਿੱਚ ਲੱਗੇ ਮੁਲਾਜਮ ਨੇ ਦੱਸਿਆ ਕਿ ਮ੍ਰਿਤਕ ਪ੍ਰਦੀਪ ਕੁਮਾਰ ਉਨ੍ਹਾਂ ਦੀ ਕੰਪਨੀ ਵਿੱਚ ਕੰਮ ਕਰਦਾ ਸੀ ਤੇ ਕਿਸੇ ਸਾਈਡ ਕੰਮ ਕਰਨ ਲਈ ਗਿਆ ਹੋਇਆ ਸੀ, ਜਿੱਥੇ ਉਸ ਨੂੰ ਬਿਜਲੀ ਦਾ ਕੰਮ ਕਰਦੇ ਸਮੇਂ ਕਰੰਟ ਲੱਗ ਗਿਆ ਅਤੇ ਜਖਮੀ ਹੋ ਗਿਆ।ਜਦੋਂ ਉਸ ਨੂੰ ਹਸਪਤਾਲ ਵਿੱਚ ਲੈ ਕੇ ਗਏ ਤਾਂ ਡਾਕਟਰਾਂ ਵੱਲੋਂ ਉਸ ਨੂੰ ਮ੍ਰਿਤਕ ਘੋਸਿ?ਤ ਕਰ ਦਿੱਤਾ ਗਿਆ। ਉਥੇ ਪੁਲਸ ਅਧਿਕਾਰੀ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ ਕਿ ਮ੍ਰਿਤਕ ਪ੍ਰਦੀਪ ਕੁਮਾਰ ਸਕਾਈਵੇ ਕੰਪਨੀ ਵਿੱਚ ਕੰਮ ਕਰਦਾ ਸੀ ਜੋ ਕਿ ਵੇਰਕਾ ਦੇ ਧੁੱਪਸੜੀ ਇਲਾਕੇ ਦਾ ਰਹਿਣ ਵਾਲਾ ਹੈ ਜਿਸ ਦੀ ਕਰੰਟ ਲੱਗਣ ਕਾਰਨ ਮੌਤ ਹੋ ਗਈ ਹੈ। ਪੁਲਸ ਨੇ ਕਿਹਾ ਕਿ ਉਸਦੀ ਲਾਸ ਨੂੰ ਕਬਜੇ ਵਿੱਚ ਲੈ ਕੇ ਪੋਸਟਮਾਰਟਮ ਕਰਵਾਇਆ ਜਾ ਰਿਹਾ ਹੈ ਤਾਂ ਜੋ ਵੀ ਰਿਪੋਰਟ ਸਾਹਮਣੇ ਆਵੇਗੀ ਉਸ ਹਿਸਾਬ ਨਾਲ ਬਣਦੀ ਕਾਰਵਾਈ ਕੀਤੀ ਜਾਵੇਗੀ।

ਹੁਣ ਹਰ ਮਹੀਨੇ ਔਰਤਾਂ ਦੇ ਖਾਤੇ 'ਚ ਆਉਣਗੇ 1500 ਰੁਪਏ, ਰੱਖੜੀ ਤੋਂ ਪਹਿਲਾਂ ਸਰਕਾਰ ਦਾ ਵੱਡਾ ਤੋਹਫਾ

ਮੁੰਬਈ 20 ਅਗਸਤ। ਰੱਖੜੀ ਦੇ ਤਿਓਹਾਰ ਤੋਂ ਪਹਿਲਾਂ ਔਰਤਾਂ ਨੂੰ ਸਰਕਾਰ ਨੇ ਵੱਡਾ ਤੋਹਫਾ ਦਿੱਤਾ ਹੈ। ਸਰਕਾਰ ਨੇ ਅੱਜ ਇਕ ਨਵੀਂ ਸਕੀਮ ਦੀ ਸ਼ੁਰੂਆਤ ਕੀਤੀ ਹੈ। ਜਿਸ ਰਾਹੀਂ ਹੁਣ ਲਗਭਗ 1 ਕਰੋੜ ਔਰਤਾਂ ਦੇ ਖਾਤੇ ਵਿੱਚ ਹਰ ਮਹੀਨੇ 1500 ਰੁਪਏ ਆਉਣਗੇ। ਦਰਅਸਲ ਮਹਾਰਾਸਟਰ ਸਰਕਾਰ ਦੀ ਨਵੀਂ ਯੋਜਨਾ 'ਮਾਝੀ ਲੜਕੀ ਬਹਿਨ ਯੋਜਨਾਂ' 19 ਅਗਸਤ 2024 ਤੋਂ ਸੁਰੂ ਹੋ ਗਈ ਹੈ। ਇਸ ਸਕੀਮ ਤਹਿਤ ਸੂਬੇ ਦੀਆਂ ਇੱਕ ਕਰੋੜ ਤੋਂ ਵੱਧ ਔਰਤਾਂ ਨੂੰ ਹਰ ਮਹੀਨੇ 1500 ਰੁਪਏ ਦੀ ਵਿੱਤੀ ਸਹਾਇਤਾ ਦਿੱਤੀ ਜਾਵੇਗੀ। ਮੁੱਖ ਮੰਤਰੀ ਏਕਨਾਥ ਸਿ?ਦੇ ਨੇ ਕਿਹਾ ਕਿ ਜਿਨ੍ਹਾਂ ਔਰਤਾਂ ਦੇ ਬੈਂਕ ਖਾਤਿਆਂ ਦੀ ਜਾਂਚ ਹੋ ਚੁੱਕੀ ਹੈ, ਉਨ੍ਹਾਂ ਨੂੰ ਦੋ ਮਹੀਨਿਆਂ ਲਈ 3,000 ਰੁਪਏ ਟਰਾਂਸਫਰ ਕੀਤੇ ਜਾਣਗੇ। ਇਹ ਸਕੀਮ ਵਿਸੇਸ ਤੌਰ 'ਤੇ ਆਰਥਿਕ ਤੌਰ 'ਤੇ ਕਮਜੋਰ ਪਰਿਵਾਰਾਂ ਦੀਆਂ ਔਰਤਾਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨ ਲਈ ਤਿਆਰ ਕੀਤੀ ਗਈ ਹੈ। ਇਸ ਦਾ ਮੰਤਵ ਸੂਬੇ ਵਿੱਚ ਔਰਤਾਂ ਦੇ ਵਿਕਾਸ ਅਤੇ ਸਿੱਖਿਆ ਨੂੰ ਉਤਸਾਹਿਤ ਕਰਨਾ ਹੈ। ਮਹਾਰਾਸਟਰ ਦੀ ਸਥਾਈ ਨਿਵਾਸੀ ਔਰਤਾਂ ਨੂੰ ਇਸ ਯੋਜਨਾ ਦਾ ਲਾਭ ਮਿਲੇਗਾ। ਬਿਨੈਕਾਰ ਦੀ ਉਮਰ 21 ਤੋਂ 65 ਸਾਲ ਦੇ ਵਿਚਕਾਰ ਹੋਣੀ ਚਾਹੀਦੀ ਹੈ। ਵਿਆਹੁਤਾ, ਅਣਵਿਆਹੇ, ਤਲਾਕਸੁਦਾ ਅਤੇ ਬੇਘਰ ਔਰਤਾਂ ਵੀ ਇਸ ਲਈ ਅਪਲਾਈ ਕਰ ਸਕਦੀਆਂ ਹਨ।

ਚੋਰਾਂ ਦੇ ਹੌਂਸਲੇ ਬੁਲੰਦ, ਥਾਣੇ ਨੇੜੇ ਚੋਰਾਂ ਨੇ ਦੋ ਥਾਵਾਂ ਨੂੰ ਬਣਾਇਆ ਨਿਸਾਨਾ

ਬਟਾਲਾ 20ਅਗਸਤ। ਬੀਤੀ ਰਾਤ ਚੋਰਾਂ ਵੱਲੋਂ ਪੁਲਸ ਥਾਣਾ ਕਾਦੀਆਂ ਦੇ ਨਜਦੀਕ ਸਥਿਤ ਦੋ ਦੁਕਾਨਾਂ ਨੂੰ ਨਿਸਾਨਾ ਬਣਾ ਕੇ ਨਕਦੀ ਅਤੇ ਹਜਾਰਾਂ ਰੁਪਏ ਦਾ ਸਾਮਾਨ ਚੋਰੀ ਕੀਤੇ ਜਾਣ ਦਾ ਸਮਾਚਾਰ ਮਿਲਿਆ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਗੁਰਦੇਵ ਸਿੰਘ ਘੁੰਮਣ ਪੁੱਤਰ ਉਜਾਗਰ ਸਿੰਘ ਵਾਸੀ ਮੁਹੱਲਾ ਪ੍ਰਤਾਪ ਨਗਰ ਕਾਦੀਆਂ ਨੇ ਦੱਸਿਆ ਕਿ ਉਸ ਦੀ ਬੁਟਰ ਰੋਡ ਚੌਕ ਵਿੱਚ ਭਠੂਰੇ ਛੋਲੇ ਅਤੇ ਨਾਨ ਦੀ ਦੁਕਾਨ ਹੈ। ਜੋ ਰੋਜਾਨਾ ਦੀ ਤਰ੍ਹਾਂ ਆਪਣੀ ਦੁਕਾਨ ਨੂੰ ਬੰਦ ਕਰਕੇ ਵੀਰਵਾਰ ਸਾਮ 7 ਵਜੇ ਘਰ ਚਲਾ ਗਿਆ ਤੇ ਜਦੋਂ ਉਸਨੇ ਸੁਕਰਵਾਰ ਸਵੇਰੇ 6 ਵਜੇ ਦੁਕਾਨ ਖੋਲੀ ਤਾਂ ਉਸਦੀ ਦੁਕਾਨ ਵਿੱਚ ਇੱਕ ਐੱਲ. ਸੀ. ਡੀ ਲੱਗੀ ਹੋਈ ਸੀ, ਜਿਸ ਨੂੰ ਚੋਰਾਂ ਵੱਲੋਂ ਚੋਰੀ ਕਰ ਲਿਆ ਗਿਆ ਅਤੇ ਕੰਪਨੀ ਦੇ ਦੋ ਮੋਬਾਇਲ ਫੋਨ ਅਤੇ ਬਿਜਲੀ ਦੇ ਬਿੱਲ ਵਾਸਤੇ ਗੱਲੇ ਵਿੱਚ ਰੱਖੇ 5500 ਰੁਪਏ ਚੋਰਾਂ ਵੱਲੋਂ ਚੋਰੀ ਕਰ ਲਏ ਗਏ। ਇਸ ਚੋਰੀ ਦੀ ਘਟਨਾ ਦੇ ਵਿੱਚ ਦੁਕਾਨਦਾਰਾਂ ਦਾ ਕੁੱਲ ਮਿਲਾ ਕੇ ਕਰੀਬ 50 ਹਜਾਰ ਰੁਪਏ ਦਾ ਨੁਕਸਾਨ ਹੋਇਆ । ਦੂਜੇ ਪਾਸੇ ਦੁਕਾਨਦਾਰਾਂ ਨੇ ਦੱਸਿਆ ਕਿ ਸਹਿਰ ਦੇ ਅੰਦਰ ਹੋ ਰਹੀਆਂ ਅਜਿਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਲੋਕਾਂ ਦੇ ਵਿੱਚ ਸਹਿਮ ਦਾ ਮਾਹੌਲ ਹੈ। ਅਤੇ ਪੁਲਿਸ ਪ੍ਰਸਾਸਨ ਦੇ ਵੱਲੋਂ ਰਾਤ ਸਮੇਂ ਪੁਲਸ ਦੀ ਗਸਤ ਘੱਟ ਹੋਣ ਕਾਰਨ ਅਜਿਹੇ ਚੋਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਉਹਨਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਵੀ ਇਸੇ ਚੌਕ ਦੇ ਵਿੱਚੋਂ ਸਬਜੀ ਵੇਚਣ ਵਾਲਿਆਂ ਨੂੰ ਚੋਰ ਲੁਟੇਰਿਆਂ ਦੇ ਵੱਲੋਂਨਾਲ ਹੀ ਇੱਕ ਜੂਸਰ ਗ੍ਰਿੰਡਰ ਚੋਰੀ ਕੀਤਾ ਗਿਆ । ਇਸ ਸਬੰਧੀ ਉਹਨਾਂ ਨੇ ਥਾਣਾ ਕਾਦੀਆਂ ਨੂੰ ਸੂਚਿਤ ਕਰ ਦਿੱਤਾ ਹੈ। ਉਧਰ ਦੂਜੇ ਪਾਸੇ ਜਾਣਕਾਰੀ ਦਿੰਦੇ ਹੋਏ ਗੁਰਮੀਤ ਸਿੰਘ ਪੁੱਤਰ ਭਗਵਿੰਦਰ ਸਿੰਘ ਨੇ ਦੱਸਿਆ ਕਿ ਉਹ ਰਾਤ ਸਮੇਂ ਘਰ ਵਿੱਚ ਸੁੱਤੇ ਹੋਏ ਸਨ ਤੇ ਚੋਰਾਂ ਵੱਲੋਂ ਉਹਨਾਂ ਦੀ ਕੰਧ ਟੱਪ ਕੇ ਉਸ ਦਾ ਅਤੇ ਉਸਦੀ ਪਤਨੀ ਦੇ ਐੱਮ.ਆਈ ਕੰਪਨੀ ਦੇ ਦੋ ਮੋਬਾਇਲ ਫੋਨ ਅਤੇ ਬਿਜਲੀ ਦੇ ਬਿੱਲ ਵਾਸਤੇ ਗੱਲੇ ਵਿੱਚ ਰੱਖੇ 5500 ਰਪਏ ਚੋਰਾਂ ਵੱਲੋਂ ਚੋਰੀ ਕਰ ਲਏ ਗਏ। ਇਸ ਚੋਰੀ ਦੀ ਘਟਨਾ ਦੇ ਵਿੱਚ ਦੁਕਾਨਦਾਰਾਂ ਦਾ ਕੁੱਲ ਮਿਲਾ ਕੇ ਕਰੀਬ 50 ਹਜਾਰ ਰੁਪਏ ਦਾ ਨੁਕਸਾਨ ਹੋਇਆ । ਦੂਜੇ ਪਾਸੇ ਦੁਕਾਨਦਾਰਾਂ ਨੇ ਦੱਸਿਆ ਕਿ ਸਹਿਰ ਦੇ ਅੰਦਰ ਹੋ ਰਹੀਆਂ ਅਜਿਹੀਆਂ ਚੋਰੀ ਦੀਆਂ ਘਟਨਾਵਾਂ ਨੂੰ ਲੈ ਕੇ ਲੋਕਾਂ ਦੇ ਵਿੱਚ ਸਹਿਮ ਦਾ ਮਾਹੌਲ ਹੈ। ਅਤੇ ਪੁਲਿਸ ਪ੍ਰਸਾਸਨ ਦੇ ਵੱਲੋਂ ਰਾਤ ਸਮੇਂ ਪੁਲਸ ਦੀ ਗਸਤ ਘੱਟ ਹੋਣ ਕਾਰਨ ਅਜਿਹੇ ਚੋਰ ਅਜਿਹੀਆਂ ਘਟਨਾਵਾਂ ਨੂੰ ਅੰਜਾਮ ਦਿੰਦੇ ਹਨ। ਉਹਨਾਂ ਦੱਸਿਆ ਕਿ ਕੁਝ ਦਿਨ ਪਹਿਲਾਂ ਵੀ ਇਸੇ ਚੌਕ ਦੇ ਵਿੱਚੋਂ ਸਬਜੀ ਵੇਚਣ ਵਾਲਿਆਂ ਨੂੰ ਚੋਰ ਲੁਟੇਰਿਆਂ ਦੇ ਵੱਲੋਂ ਨਿਸਾਨਾ ਬਣਾਇਆ ਗਿਆ ਅਤੇ ਉਹਨਾਂ ਨੂੰ ਦਾਤਰ ਦੀ ਨੋਕ ਤੇ ਉਹਨਾਂ ਦੇ ਕੋਲੋਂ ਨਕਦੀ ਅਤੇ ਉਹਨਾਂ ਦੇ ਬੂਟ ਤੱਕ ਚੋਰੀ ਕੀਤੇ ਗਏ ਸਨ। ਅਤੇ ਚੋਰ ਅਜੇ ਤੱਕ ਪੁਲਸ ਦੀ ਗ੍ਰਿਫਤ ਤੋਂ ਬਾਹਰ ਹਨ। ਉਹਨਾਂ ਨੇ ਪੁਲਸ ਪ੍ਰਸਾਸਨ ਦੇ ਉੱਚ ਅਧਿਕਾਰੀ ਅਤੇ ਬਟਾਲਾ ਪੁਲਸ ਜ?ਿਲ੍ਹਾ ਵਿਖੇ ਨਵੇਂ ਆਏ ਐਸਐਸਪੀ ਦੇ ਕੋਲੋਂ ਪੂਰਜੋਰ ਮੰਗ ਕੀਤੀ ਹੈ ਕਿ ਸਹਿਰ ਕਾਦੀਆਂ ਦੇ ਵਿੱਚ ਪੁਲਸ ਦੀ ਗਸਤ ਨੂੰ ਤੇਜ ਕਰਵਾਇਆ ਜਾਵੇ ਤਾਂ ਜੋ ਅਜਿਹੀਆਂ ਘਟਨਾਵਾਂ ਤੋਂ ਲੋਕਾਂ ਨੂੰ ਰਾਹਤ ਮਿਲ ਸਕੇ ।

ਭਗਵਾਨ ਦੇ ਘਰ ਡਾਕਾ; ਚੋਰ ਨੇ ਸ਼ਿਵ ਮੰਦਰ 'ਚ ਕੀਤੀ ਘਟੀਆ ਕਰਤੂਤ

ਹਰੋਲੀ 20ਅਗਸਤ। ਚੋਰਾਂ ਦੇ ਹੌਂਸਲੇ ਇਸ ਕਦਰ ਬੁਲੰਦ ਹਨ ਕਿ ਉਹ ਭਗਵਾਨ ਦੇ ਘਰ ਵਿਚ ਵੀ ਡਾਕਾ ਮਾਰਨ ਤੋਂ ਨਹੀਂ ਡਰਦੇ। ਤਾਜਾ ਮਾਮਲੇ ਵਿਚ ਊਨਾ-ਹੁਸ਼ਿਆਰਪੁਰ ਮੁੱਖ ਹਾਈਵੇਅ 'ਤੇ ਜੇਜੋਂ ਮੋੜ 'ਤੇ ਬਣੇ ਸ਼ਿਵ ਮੰਦਰ 'ਚ ਚੋਰੀ ਦੀ ਘਟਨਾ ਸਾਹਮਣੇ ਆਈ ਹੈ। ਚੋਰ ਮੰਦਰ ਵਿਚ ਸ਼ਿਵ ਪਿੰਡੀ ਦੇ ਉੱਪਰ ਲੱਗੀ ਘੰਟੀ ਨੂੰ ਲੈ ਕੇ ਰਫੂ-ਚੱਕਰ ਹੋ ਗਿਆ। ਇਸ ਵਿਚ ਸਭ ਤੋਂ ਵੱਡੀ ਗੱਲ ਇਹ ਹੈ ਕਿ ਚੋਰ ਨੇ ਮੰਦਰ ਵਿਚ ਸਥਾਪਿਤ ਸ਼ਿਵ ਪਿੰਡੀ 'ਤੇ ਆਪਣਾ ਪੈਰ ਰੱਖ ਕੇ ਘੰਟੀ ਉਤਾਰੀ, ਕਿਉਂਕਿ ਘੰਟੀ ਉੱਚੀ ਹੋਣ ਕਾਰਨ ਉਸ ਤੋਂ ਖੁੱਲ੍ਹ ਨਹੀਂ ਰਹੀ ਸੀ। ਘੰਟੀ ਖੋਲ੍ਹਣ ਮਗਰੋਂ ਚੋਰ ਨੇ ਪਿੰਡੀ ਦੇ ਉੱਪਰ ਜਲ ਲਈ ਰੱਖੀ ਗਾਗਰ ਤੋਂ ਪਾਣੀ ਲੈ ਕੇ ਆਪਣੇ ਹੱਥ ਧੋਤੇ। ਚੋਰ ਨੇ ਮੰਦਰ ਅੰਦਰ ਰੱਖੀ ਤਖਤੀ ਨੂੰ ਚੁੱਕ ਕੇ ਬਾਹਰ ਲੱਗੀ ਦੂਜੀ ਘੰਟੀ ਨੂੰ ਵੀ ਖੋਲ੍ਹਣ ਦੀ ਕੋਸ਼ਿਸ਼ ਕੀਤੀ ਪਰ ਉਹ ਅਸਫਲ ਰਿਹਾ ਅਤੇ ਅੰਦਰੋਂ ਖੋਲ੍ਹੀ ਗਈ ਘੰਟੀ ਨੂੰ ਲੈ ਕੇ ਫਰਾਰ ਹੋ ਗਿਆ। ਇਹ ਸਾਰੀ ਘਟਨਾ ਮੰਦਰ ਦੇ ਅੰਦਰ ਲੱਗੇ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਿਆ, ਜਿਸ 'ਤੇ ਸ਼ਾਇਦ ਚੋਰ ਦਾ ਧਿਆਨ ਨਹੀਂ ਗਿਆ। ਉੱਥੇ ਹੀ ਗ੍ਰਾਮ ਪੰਚਾਇਤ ਦੇ ਸਾਬਕਾ ਪੰਚਾਇਤ ਮੈਂਬਰ ਭੀਸ਼ਣ ਸਿੰਘ ਨੇ ਦੱਸਿਆ ਕਿ ਸ਼ਿਵ ਮੰਦਰ ਵਿਚ ਚੋਰੀ ਨੂੰ ਲੈ ਕੇ ਪੁਲਸ ਨੂੰ ਸ਼ਿਕਾਇਤ ਦਿੱਤੀ ਗਈ ਹੈ।

ਪੰਜਾਬ 'ਚ ਫੜਿਆ ਗਿਆ ਖਤਰਨਾਕ ਗੈਂਗ, ਵੱਡੀ ਗਿਣਤੀ ਵਿਚ ਹਥਿਆਰ ਹੋਏ ਬਰਾਮਦ

ਮੋਗਾ 20ਅਗਸਤ। ਮੋਗਾ ਪੁਲਸ ਨੇ 4 ਮੁਲਜਮਾਂ ਨੂੰ 6 ਪਿਸਤੌਲ, 4 ਮੈਗਜੀਨ, 41 ਜਿੰਦਾ ਕਾਰਤੂਸ ਅਤੇ ਇਕ ਕਾਰ ਸਮੇਤ ਗ੍ਰਿਫਤਾਰ ਕੀਤਾ ਹੈ। ਐੱਸ. ਐੱਸ. ਪੀ. ਮੋਗਾ ਨੇ ਪ੍ਰੈੱਸ ਕਾਨਫਰੰਸ ਕਰਕੇ ਇਸ ਸੰਬੰਧੀ ਜਾਣਕਾਰੀ ਦਿੱਤੀ ਹੈ। ਥਾਣਾ ਕੋਟ ਇਸੇ ਖ਼ਾਂ ਦੀ ਪੁਲਸ ਅਤੇ ਸੀ.ਆਈ.ਏ ਸਟਾਫ ਮੋਗਾ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਖੁਖਰਾਣਾ ਨੇੜੇ 4 ਦੋਸੀਆਂ ਨੂੰ ਗ੍ਰਿਫਤਾਰ ਕੀਤਾ ਹੈ। ਜਿਨ੍ਹਾਂ ਤੋਂ ਵੱਡੀ ਗਿਣਤੀ ਵਿਚ ਹਥਿਆਰ ਬਰਾਮਦ ਹੋਏ ਹਨ। ਮੁਲਜਮਾਂ ਖਿ?ਲਾਫ ਥਾਣਾ ਸਦਰ 'ਚ ਮਾਮਲਾ ਦਰਜ ਕਰਕੇ ਅਗਲੇਰੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐੱਸ. ਐੱਸ. ਪੀ. ਅੰਕੁਰ ਗੁਪਤਾ ਨੇ ਦੱਸਿਆ ਕਿ ਪੁਲਸ ਪਾਰਟੀ ਨੇ ਗੁਪਤ ਸੂਚਨਾ ਦੇ ਆਧਾਰ 'ਤੇ ਪਿੰਡ ਖੁਖਰਾਣਾ ਤੋਂ 4 ਮੁਲਜਮਾਂ ਨੂੰ ਕਾਬੂ ਕਰਕੇ ਉਨ੍ਹਾਂ ਕੋਲੋਂ 6 ਪਿਸਤੌਲ, 4 ਮੈਗਜੀਨ ਅਤੇ

ਭਾਜਪਾ ਸੰਵਿਧਾਨ ਤਬਾਹ ਕਰਨ ਤੇ ਰਾਖਵਾਂਕਰਨ ਖਤਮ ਕਰਨ 'ਤੇ ਤੁਲੀ ਹੋਈ ਹੈ: ਰਾਹੁਲ ਗਾਂਧੀ

ਨਵੀਂ ਦਿੱਲੀ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਲੋਕ ਸਭਾ 'ਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਨੇ ਅੱਜ ਲੇਟਰਲ ਐਂਟਰੀ ਰਾਹੀਂ ਲੋਕ ਸੇਵਕਾਂ ਦੀ ਭਰਤੀ ਕਾਰਨ ਭਾਜਪਾ 'ਤੇ ਨਿਸ਼ਾਨਾ ਸਾਧਿਆ ਅਤੇ ਦੋਸ਼ ਲਾਇਆ ਕਿ ਭਾਜਪਾ ਦਾ ਰਾਮ ਰਾਜ ਦਾ ਵਿਗੜਿਆ ਰੂਪ ਸੰਵਿਧਾਨ ਨੂੰ ਤਬਾਹ ਕਰਨਾ ਚਾਹੁੰਦਾ ਹੈ ਤੇ ਉਹ ਬਹੁਜਨਾਂ ਦਾ ਰਾਖਵਾਂਕਰਨ ਖੋਹਣਾ ਚਾਹੁੰਦੀ ਹੈ।

ਸਾਬਕਾ ਕਾਂਗਰਸ ਪ੍ਰਧਾਨ ਨੇ ਦੋਸ਼ ਲਾਇਆ ਸੀ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਸੰਘ ਲੋਕ ਸੇਵਾ ਕਮਿਸ਼ਨ (ਯੂਪੀਐੱਸਸੀ) ਦੀ ਬਜਾਏ ਰਾਸ਼ਟਰੀ ਸੋਇਮਸੇਵਕ ਸੰਘ (ਆਰਐੱਸਐੱਸ) ਰਾਹੀਂ ਜਨਤਕ ਸੇਵਕਾਂ ਦੀ ਭਰਤੀ ਕਰਕੇ ਸੰਵਿਧਾਨ 'ਤੇ ਹਮਲਾ ਕਰ ਰਹੇ ਹਨ। ਕੇਂਦਰ ਸਰਕਾਰ ਨੇ ਲੇਟਰਲ ਐਂਟਰੀ ਰਾਹੀਂ ਵੱਖ-ਵੱਖ ਕੇਂਦਰੀ ਮੰਤਰਾਲਿਆਂ ਵਿੱਚ ਸੰਯੁਕਤ ਸਕੱਤਰ, ਡਾਇਰੈਕਟਰ ਅਤੇ ਡਿਪਟੀ ਸਕੱਤਰ ਵਰਗੇ ਅਹਿਮ ਅਹੁਦਿਆਂ 'ਤੇ 45 ਮਾਹਿਰਾਂ ਦੀ ਨਿਯੁਕਤੀ ਦਾ ਐਲਾਨ ਕੀਤਾ ਹੈ। ਆਮ ਤੌਰ 'ਤੇ ਆਲ ਇੰਡੀਆ ਸਰਵਿਸਿਜ਼- ਇੰਡੀਅਨ ਐਡਮਿਨਿਸਟਰੇਟਿਵ ਸਰਵਿਸ (ਆਈਏਐੱਸ), ਇੰਡੀਅਨ ਪੁਲੀਸ ਸਰਵਿਸ (ਆਈਪੀਐੱਸ) ਅਤੇ ਇੰਡੀਅਨ ਫਾਰੈਸਟ ਸਰਵਿਸ (ਆਈਐੱਫਓਐਸ) ਅਤੇ ਹੋਰ 'ਗਰੁੱਪ ਏ' ਸੇਵਾਵਾਂ ਦੇ ਅਧਿਕਾਰੀ ਅਜਿਹੀਆਂ ਪੋਸਟਾਂ 'ਤੇ ਤਾਇਨਾਤ ਹੁੰਦੇ ਹਨ।

ਮੈਂ ਪੰਜਾਬ ਨੂੰ ਬੁਲੰਦੀਆਂ 'ਤੇ ਵੇਖਣਾ ਚਾਹੁੰਦਾ ਹਾਂ: ਮੁੱਖ ਮੰਤਰੀ

ਬਾਬਾ ਬਕਾਲਾ ਦੇ ਗੁਰਦੁਆਰਾ ਨੌਵੀਂ ਪਾਤਸ਼ਾਹੀ ਸਾਹਿਬ ਵਿਖੇ ਨਤਮਸਤਕ ਹੋ ਕੇ ਸਰਬੱਤ ਦਾ ਭਲਾ ਮੰਗਿਆ

ਬਾਬਾ ਬਕਾਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬਪ੍ਰਸਤ ਹੋਣ ਦਾ ਦਾਅਵਾ ਕਰਨ ਵਾਲੇ ਸ਼੍ਰੋਮਣੀ ਅਕਾਲੀ ਦਲ ਉਤੇ ਤਿੱਖਾ ਨਿਸ਼ਾਨਾ ਸਾਧਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਕਿਹਾ ਕਿ ਪੰਥ ਦੇ ਨਾਮ ਉਤੇ ਵੋਟਾਂ ਮੰਗਣ ਵਾਲੀ ਇਸ ਪਾਰਟੀ ਨੇ ਸੰਸਦ ਵਿੱਚ ਕਦੇ ਵੀ ਪੰਜਾਬ ਦੀ ਗੱਲ ਨਹੀਂ ਕੀਤੀ।

ਰੱਖੜ ਪੁੰਨਿਆ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਹ ਬੜੇ ਦੁੱਖ ਦੀ ਗੱਲ ਹੈ ਕਿ ਪੰਥ ਦੇ ਨਾਮ ਉਤੇ ਵੋਟਾਂ ਲੈ ਕੇ ਸੱਤਾ ਦਾ ਸੁਖ ਭੋਗਣ ਵਾਲੀ ਪਾਰਟੀ ਦੇ ਆਗੂ ਸੰਸਦ ਵਿੱਚ ਪੰਜਾਬ ਦੇ ਮਸਲਿਆਂ ਉਤੇ ਮੂਕ ਦਰਸ਼ਕ ਬਣੇ ਰਹੇ। ਭਗਵੰਤ ਸਿੰਘ ਨੇ ਇਕ ਮਿਸਾਲ ਦਿੰਦਿਆਂ ਕਿਹਾ ਕਿ ਉਨ੍ਹਾਂ ਵੱਲੋਂ 26 ਦਸੰਬਰ, 2018 ਨੂੰ ਲੋਕ ਸਭਾ ਮੈਂਬਰ ਵਜੋਂ ਆਪਣੇ ਕਾਰਜਕਾਲ ਦੌਰਾਨ ਤਤਕਾਲੀ ਲੋਕ ਸਭਾ ਸਪੀਕਰ ਸੁਮਿੱਤਰਾ ਮਹਾਜਨ ਕੋਲ ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਨੂੰ ਉਨ੍ਹਾਂ ਦੇ ਸ਼ਹੀਦੀ ਦਿਹਾੜੇ 'ਤੇ ਸ਼ਰਧਾਂਜਲੀ ਦੇਣ ਦੀ ਅਪੀਲ ਕੀਤੀ ਸੀ। ਉਨ੍ਹਾਂ ਕਿਹਾ ਕਿ ਲੋਕ ਸਭਾ ਸਪੀਕਰ ਨੇ ਉਨ੍ਹਾਂ ਦੀ ਅਪੀਲ ਨਾਲ ਸਹਿਮਤ ਹੁੰਦਿਆਂ ਸੰਸਦ ਦੇ ਇਤਿਹਾਸ ਵਿੱਚ ਪਹਿਲੀ ਵਾਰ ਸਤਿਕਾਰ ਵਜੋਂ ਸਾਹਿਬਜ਼ਾਦਿਆਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਿਨ੍ਹਾਂ ਨੇ ਜ਼ੁਲਮ ਅਤੇ ਬੇਇਨਸਾਫੀ ਅੱਗੇ ਈਨ ਨਹੀਂ ਮੰਨੀ। ਮੁੱਖ ਮੰਤਰੀ ਨੇ ਕਿਹਾ, ਮੈਨੂੰ ਹੈਰਾਨੀ ਇਸ ਗੱਲ ਦੀ ਹੈ ਕਿ ਅਕਾਲੀ ਦਲ ਨੇ ਕਦੇ ਵੀ ਸਾਹਿਬਜ਼ਾਦਿਆਂ ਨੂੰ ਸੰਸਦ ਵਿੱਚ ਸਤਿਕਾਰ ਭੇਟ ਬਾਰੇ ਅਰਜ਼ੀ ਤੱਕ ਨਹੀਂ ਦਿੱਤੀ ਜਦਕਿ ਇਹ ਪਾਰਟੀ ਪੰਥਪ੍ਰਸਤ ਅਤੇ ਪੰਜਾਬਪ੍ਰਸਤ ਹੋਣ ਦਾ ਦਾਅਵਾ ਕਰਦੀ ਹੈ। ਪੰਜਾਬ ਦੇ ਮਸਲਿਆਂ ਬਾਰੇ ਇਨ੍ਹਾਂ ਕੋਲੋਂ ਹੋਰ ਕੀ ਉਮੀਦ ਰੱਖੀ ਜਾ ਸਕਦੀ ਹੈ। ਪੰਜਾਬ ਨੂੰ ਅਮਨ-ਕਾਨੂੰਨ ਦੀ ਵਿਵਸਥਾ ਦਾ ਪਾਠ ਪੜ੍ਹਾਉਣ ਵਾਲੀ ਭਾਜਪਾ ਉਤੇ ਵਰ੍ਹਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਭਾਜਪਾ ਨੂੰ ਕਿਸੇ ਉਤੇ ਉਂਗਲ ਚੁੱਕਣ ਤੋਂ ਪਹਿਲਾਂ ਆਪਣੀ ਪੀੜ੍ਹੀ ਹੇਠ ਸੋਟਾ ਫੇਰਨਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਉੱਤਰ ਪ੍ਰਦੇਸ਼ ਅਤੇ ਹਰਿਆਣਾ ਵਿੱਚ ਭਾਜਪਾ ਦੀ ਅਗਵਾਈ ਵਾਲੀਆਂ ਸਰਕਾਰਾਂ ਨੂੰ ਰਾਮ ਨੌਮੀ ਵਰਗੇ ਤਿਉਹਾਰਾਂ ਮੌਕੇ ਕਰਫਿਊ ਲਾਉਣੇ ਪੈਂਦੇ ਹਨ ਜੋ ਉੱਥੋਂ ਦੀ ਬਦਤਰ ਅਮਨ-ਕਾਨੂੰਨ ਦੀ ਜਿਉਂਦੀ ਜਾਗਦੀ ਮਿਸਾਲ ਹੈ। ਉਨ੍ਹਾਂ ਨੇ ਭਾਜਪਾ ਨੂੰ ਹਰਿਆਣਾ ਦੇ ਨੂਹ ਇਲਾਕੇ ਵਿੱਚ ਲੱਗੇ ਕਰਫਿਊ ਦਾ ਵੀ ਚੇਤਾ ਕਰਵਾਇਆ। ਮੁੱਖ ਮੰਤਰੀ ਨੇ ਕਿਹਾ, ਭਾਜਪਾ ਵਾਲੇ ਮੈਨੂੰ ਅਮਨ-ਕਾਨੂੰਨ ਦੀਆਂ ਨਸੀਹਤਾਂ ਦਿੰਦੇ ਹਨ। ਮੈਂ ਇਹ ਗੱਲ ਬੜੇ ਮਾਣ ਨਾਲ ਕਹਿ ਸਕਦਾ ਹਾਂ ਕਿ ਪੰਜਾਬ ਵਿੱਚ ਸਾਰੇ ਧਰਮਾਂ ਦੇ ਤਿਉਹਾਰ ਸਾਂਝੇ ਤੌਰ ਉਤੇ ਮਨਾਏ ਜਾਂਦੇ ਹਨ। ਮੇਰੇ ਕਾਰਜਕਾਲ ਦੌਰਾਨ ਇਕ ਦਿਨ ਵੀ ਇੱਥੇ ਕਰਫਿਊ ਨਹੀਂ ਲੱਗਿਆ ਕਿਉਂਕਿ ਸਾਡੀ ਧਰਤੀ ਗੁਰੂਆਂ ਅਤੇ ਸ਼ਹੀਦਾਂ ਦੀ ਧਰਤੀ ਹੈ ਜਿਸ ਕਰਕੇ ਪੰਜਾਬੀਆਂ ਨੂੰ ਦੁਨੀਆ ਭਰ ਵਿੱਚ ਆਪਸੀ ਪਿਆਰ ਅਤੇ ਭਾਈਚਾਰਕ ਸਾਂਝ ਕਰਕੇ ਜਾਣਿਆ ਜਾਂਦਾ ਹੈ। ਜਲੰਧਰ ਪੱਛਮੀ ਜ਼ਿਮਨੀ ਚੋਣ ਵਿੱਚ ਬੁਰੀ ਤਰ੍ਹਾਂ ਹਾਰਨ ਤੋਂ ਬਾਅਦ ਸਿਆਸੀ ਗੁਮਨਾਮੀ ਵਿੱਚ ਜਾਣ ਵਾਲੇ ਵਿਰੋਧੀ ਆਗੂਆਂ ਉਤੇ ਤਨਜ਼ ਕੱਸਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਇਸ ਚੋਣ ਤੋਂ ਬਾਅਦ ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਭਾਜਪਾ ਦੇ ਸੂਬਾ ਪ੍ਰਧਾਨ ਸੁਨੀਲ ਜਾਖੜ ਨੂੰ ਏਨਾ ਵੱਡਾ ਝਟਕਾ ਲੱਗਾ ਹੈ ਕਿ ਉਹ ਸਿਆਸੀ ਖੇਤਰ ਵਿੱਚੋਂ 'ਲਾਪਤਾ' ਹੀ ਹੋ ਗਏ ਹਨ।

ਪੰਜਾਬ ਸਰਕਾਰ ਵੱਲੋਂ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਣਭੱਤਾ ਦੇਣ ਲਈ 68.95 ਕਰੋੜ ਰੁਪਏ ਦੀ ਗਰਾਂਟ ਕੀਤੀ ਜਾਰੀ

ਚੰਡੀਗੜ੍ਹ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਆਈ. ਸੀ. ਡੀ. ਸੀ. ਐੱਸ. ਸਕੀਮ ਅਧੀਨ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਨੂੰ ਮਾਣਭੱਤੇ ਦੀ ਅਦਾਇਗੀ ਲਈ 68.95 ਕਰੋੜ ਰੁਪਏ ਦੀ ਗਰਾਂਟ ਜਾਰੀ ਕੀਤੀ ਗਈ ਹੈ। ਸਮਾਜਿਕ ਸੁਰੱਖਿਆ, ਇਸਤਰੀ ਅਤੇ ਬਾਲ ਵਿਕਾਸ ਮੰਤਰੀ ਡਾ. ਬਲਜੀਤ ਕੌਰ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਜਿੱਥੇ

ਹੋਰ ਵਰਗਾਂ ਦੇ ਹਿੱਤਾਂ ਦੀ ਭਲਾਈ ਲਈ ਕੰਮ ਕਰ ਰਹੀ ਹੈ, ਉੱਥੇ ਹੀ ਆਂਗਨਵਾੜੀ ਵਰਕਰਾਂ ਅਤੇ ਹੈਲਪਰਾਂ ਦੇ ਹਿੱਤਾਂ ਲਈ ਵੀ ਵਚਨਬੱਧ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਿਨੀ ਰੱਖੜੀ ਦੇ ਬਰਨਾਲਾ ਵਿਖੇ ਹੋਏ ਰਾਜ ਪੱਧਰੀ ਸਮਾਗਮ ਦੌਰਾਨ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ 3000 ਆਂਗਣਵਾੜੀ ਵਰਕਰਾਂ ਦੀਆਂ ਅਸਾਮੀਆਂ ਭਰਨ ਦੀ ਘੋਸ਼ਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਆਂਗਨਵਾੜੀ ਵਰਕਰਾਂ ਦੀ ਭਰਤੀ ਨਾਲ ਨਵੇਂ ਰੁਜ਼ਗਾਰ ਦੇ ਰਾਹ ਖੁੱਲਣਗੇ ਜੋ ਮਹਿਲਾਵਾਂ ਦੇ ਵੱਧ ਅਧਿਕਾਰਾਂ ਲਈ ਬੇਹੱਦ ਸਹਾਈ ਹੋਣਗੇ।

ਇਸ ਸਬੰਧੀ ਹੋਰ ਜਾਣਕਾਰੀ ਦਿੰਦਿਆਂ ਡਾ. ਬਲਜੀਤ ਕੌਰ ਨੇ ਦੱਸਿਆ ਕਿ ਜੁਲਾਈ 2024 ਤੋਂ ਅਕਤੂਬਰ 2024 ਤੱਕ ਲਈ 68.95 ਕਰੋੜ ਰੁਪਏ ਦਾ ਬਜਟ ਜਾਰੀ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜ਼ਿਲ੍ਹਾ ਪ੍ਰੋਗਰਾਮ ਅਫਸਰ, ਅੰਮ੍ਰਿਤਸਰ ਨੂੰ 4.81 ਕਰੋੜ, ਬਠਿੰਡਾ ਨੂੰ 3.56 ਕਰੋੜ, ਬਰਨਾਲਾ ਨੂੰ 1.65 ਕਰੋੜ, ਫਤਹਿਗੜ੍ਹ ਸਾਹਿਬ ਨੂੰ 1.80 ਕਰੋੜ, ਫਰੀਦਕੋਟ ਨੂੰ 1.40 ਕਰੋੜ, ਫਿਰੋਜ਼ਪੁਰ ਨੂੰ 3.21 ਕਰੋੜ ਅਤੇ ਫਾਜ਼ਿਲਕਾ ਨੂੰ 2.74 ਕਰੋੜ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਇਸੇ ਤਰ੍ਹਾਂ ਹੀ ਗੁਰਦਾਸਪੁਰ ਨੂੰ 5.14 ਕਰੋੜ ਰੁਪਏ, ਹੁਸ਼ਿਆਰਪੁਰ ਨੂੰ 4.82 ਕਰੋੜ, ਜਲੰਧਰ 4.10, ਕਪੂਰਥਲਾ ਨੂੰ 2.26 ਕਰੋੜ, ਲੁਧਿਆਣਾ ਨੂੰ 5.97 ਕਰੋੜ ਰੁਪਏ, ਸ੍ਰੀ ਮੁਕਤਸਰ ਸਾਹਿਬ ਨੂੰ 2.28 ਕਰੋੜ ਰੁਪਏ ਆਦਿ।

114 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਜਲੰਧਰ ਵਿਖੇ ਰੱਖੜੀ 'ਤੇ ਬ੍ਰਹਮ ਕੁਮਾਰੀਆਂ ਵੱਲੋਂ ਕੀਤਾ ਗਿਆ ਪ੍ਰੋਗਰਾਮ

ਜਲੰਧਰ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

114 ਬਟਾਲੀਅਨ ਰੈਪਿਡ ਐਕਸ਼ਨ ਫੋਰਸ, ਜਲੰਧਰ ਵਿਖੇ ਬ੍ਰਹਮ ਕੁਮਾਰੀਜ਼ ਕਰਤਾਰਪੁਰ ਵੱਲੋਂ ਰੱਖੜੀ ਦੇ ਪਵਿੱਤਰ ਤਿਉਹਾਰ 'ਤੇ ਇੱਕ ਵਿਸ਼ੇਸ਼ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ। ਇਸ ਮੌਕੇ ਬ੍ਰਹਮ ਕੁਮਾਰੀਆਂ ਦੀਆਂ ਭੈਣਾਂ ਨੇ ਸੈਨਿਕਾਂ ਨੂੰ ਰੱਖੜੀਆਂ ਬੰਨ੍ਹ ਕੇ ਉਨ੍ਹਾਂ ਪ੍ਰਤੀ ਸ਼ਰਧਾ ਅਤੇ ਸਤਿਕਾਰ ਦਾ ਪ੍ਰਗਟਾਵਾ ਕੀਤਾ। ਸ਼੍ਰੀ ਅਸ਼ਵਨੀ ਕੁਮਾਰ ਝਾਅ ਕਮਾਂਡੈਂਟ 114 ਬਟਾਲੀਅਨ ਰੈਪਿਡ ਐਕਸ਼ਨ ਫੋਰਸ ਨੇ ਆਪਸੀ ਭਾਈਚਾਰੇ ਅਤੇ ਸਦਭਾਵਨਾ ਨੂੰ ਵਧਾਉਣ ਲਈ ਬ੍ਰਹਮ ਕੁਮਾਰੀਆਂ ਦੇ ਕੰਮ ਦੀ ਸ਼ਲਾਘਾ ਕੀਤੀ। ਉਨ੍ਹਾਂ ਨੇ ਕਿਹਾ ਕਿ ਅਜਿਹੇ ਪ੍ਰੋਗਰਾਮ ਨਾ ਸਿਰਫ਼ ਸਾਡੇ ਸੈਨਿਕਾਂ ਦਾ ਮਨੋਬਲ ਵਧਾਉਂਦੇ ਹਨ ਬਲਕਿ ਸਮਾਜ ਵਿੱਚ ਸ਼ਾਂਤੀ ਅਤੇ ਸਦਭਾਵਨਾ ਦੀ ਭਾਵਨਾ ਨੂੰ ਵੀ ਉਤਸ਼ਾਹਿਤ ਕਰਦੇ ਹਨ।ਬ੍ਰਹਮ ਕੁਮਾਰੀਆਂ ਵੱਲੋਂ ਭੈਣ ਸੀਮਾ ਨੇ ਕਿਹਾ ਕਿ ਰੱਖੜੀ ਦਾ ਤਿਉਹਾਰ ਸਾਨੂੰ ਇੱਕ ਦੂਜੇ ਪ੍ਰਤੀ ਪਿਆਰ, ਸਮਰਪਣ ਅਤੇ ਫਰਜ਼ ਦੀ ਯਾਦ ਦਿਵਾਉਂਦਾ ਹੈ। ਅਜਿਹੇ ਪ੍ਰੋਗਰਾਮਾਂ ਰਾਹੀਂ ਸਮਾਜ ਵਿੱਚ ਭਾਈਚਾਰਾ ਅਤੇ ਏਕਤਾ ਮਜ਼ਬੂਤ ਮਿਲਦੀ ਹੈ। ਪ੍ਰੋਗਰਾਮ ਦੇ ਅੰਤ ਵਿੱਚ ਬ੍ਰਹਮ ਕੁਮਾਰੀਜ਼ ਦੀਆਂ ਭੈਣਾਂ ਅਤੇ ਸਾਰੇ ਸੈਨਿਕਾਂ ਨੇ ਮਿਲ ਕੇ ਸ਼ਾਂਤੀ ਅਤੇ ਖ਼ੁਸ਼ਹਾਲੀ ਲਈ ਅਰਦਾਸ ਕੀਤੀ।

ਜੰਮੂ ਦੇ ਊਧਮਪੁਰ ਜ਼ਿਲ੍ਹੇ 'ਚ ਅਤਿਵਾਦੀ ਹਮਲੇ ਕਾਰਨ ਸੀਆਰਪੀਐੱਫ ਦਾ ਇੰਸਪੈਕਟਰ ਸ਼ਹੀਦ

ਜੰਮੂ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਜੰਮੂ-ਕਸ਼ਮੀਰ ਦੇ ਊਧਮਪੁਰ ਜ਼ਿਲ੍ਹੇ 'ਚ ਅੱਜ ਅਤਿਵਾਦੀਆਂ ਵੱਲੋਂ ਗਸ਼ਤ ਕਰਨ ਵਾਲੀ ਪਾਰਟੀ 'ਤੇ ਗੋਲੀਬਾਰੀ ਕਰਨ 'ਤੇ ਸੀਆਰਪੀਐੱਫ ਦਾ ਇੰਸਪੈਕਟਰ ਸ਼ਹੀਦ ਹੋ ਗਿਆ। ਬਾਅਦ ਦੁਪਹਿਰ ਕਰੀਬ 3.30 ਵਜੇ ਬਸੰਤਗੜ੍ਹ ਦੇ ਡੂਡੂ ਇਲਾਕੇ 'ਚ ਅਤਿਵਾਦੀਆਂ ਨੇ ਸੀਆਰਪੀਐੱਫ ਅਤੇ ਜੰਮੂ-ਕਸ਼ਮੀਰ ਪੁਲੀਸ ਦੇ ਸਪੈਸ਼ਲ ਅਪਰੇਸ਼ਨ ਗਰੁੱਪ (ਐੱਸਓਜੀ) 'ਤੇ ਗੋਲੀਬਾਰੀ ਕੀਤੀ। ਹਮਲੇ ਵਿੱਚ ਸੀਆਰਪੀਐੱਫ ਦੀ 187ਵੀਂ ਬਟਾਲੀਅਨ ਦੇ ਇੰਸਪੈਕਟਰ ਨੂੰ ਗੋਲੀ ਲੱਗੀ ਅਤੇ ਬਾਅਦ ਵਿੱਚ ਹਸਪਤਾਲ ਲਿਜਾਂਦੇ ਸਮੇਂ ਉਸ ਦੀ ਮੌਤ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਸਾਂਝੀ ਗਸ਼ਤ ਦੀ ਜਵਾਬੀ ਕਾਰਵਾਈ ਤੋਂ ਬਾਅਦ ਅਤਿਵਾਦੀ ਮੌਕੇ ਤੋਂ ਫਰਾਰ ਹੋ ਗਏ।

ਭਾਸ਼ਾ ਵਿਭਾਗ ਪੰਜਾਬ ਨੇ ਸੰਸਕ੍ਰਿਤ ਦਿਵਸ ਮੌਕੇ ਕੀਤਾ ਪ੍ਰਭਾਵਸ਼ਾਲੀ ਸਮਾਗਮ

ਪਟਿਆਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਰਹਿਨੁਮਾਈ, ਉਚੇਰੀ ਸਿੱਖਿਆ ਤੇ ਭਾਸ਼ਾ ਮੰਤਰੀ ਸ. ਹਰਜੋਤ ਸਿੰਘ ਬੈਂਸ ਦੀ ਅਗਵਾਈ 'ਚ ਅੱਜ ਇੱਥੇ ਭਾਸ਼ਾ ਵਿਭਾਗ ਪੰਜਾਬ ਵੱਲੋਂ ਮੁੱਖ ਦਫ਼ਤਰ ਵਿਖੇ ਸੰਸਕ੍ਰਿਤ ਦਿਵਸ ਮੌਕੇ ਪ੍ਰਭਾਵਸ਼ਾਲੀ ਸਮਾਗਮ ਕਰਵਾਇਆ ਗਿਆ। ਵਿਭਾਗ ਦੇ ਡਾਇਰੈਕਟਰ ਸ. ਜਸਵੰਤ ਸਿੰਘ ਜ਼ਫ਼ਰ ਦੀ ਦੇਖ-ਰੇਖ 'ਚ ਹੋਏ ਇਸ ਸਮਾਗਮ ਦੀ ਪ੍ਰਧਾਨਗੀ ਪੰਜਾਬੀ ਯੂਨੀਵਰਸਿਟੀ ਦੇ ਸੰਸਕ੍ਰਿਤ ਵਿਭਾਗ ਦੇ ਮੁਖੀ ਡਾ. ਵੀਰੇਂਦਰ ਕੁਮਾਰ ਨੇ ਕੀਤੀ ਅਤੇ ਇਸ ਵਿਭਾਗ ਦੇ ਪ੍ਰੋਫੈਸਰ ਡਾ. ਪੁਸ਼ਪਿੰਦਰ ਜੋਸ਼ੀ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉੱਘੇ ਚਿੰਤਕ ਡਾ. ਮਨਮੋਹਨ ਸਿੰਘ ਤੇ ਸਰਕਾਰੀ ਮਹਿਲਾ ਕਾਲਜ ਪਟਿਆਲਾ ਦੇ ਪ੍ਰੋਫੈਸਰ ਡਾ. ਓਮਨਦੀਪ ਸ਼ਰਮਾ ਨੇ ਮੁੱਖ ਵਕਤਾਵਾਂ ਵਜੋਂ ਵੱਖ-ਵੱਖ ਵਿਸ਼ਿਆਂ 'ਤੇ ਵਿਚਾਰ ਪ੍ਰਗਟ ਕੀਤੇ। ਸਮਾਗਮ ਦੀ ਸ਼ੁਰੂਆਤ ਵਿਭਾਗ ਦੀ ਧੁਨੀ ਅਤੇ ਸਕੂਲ ਆਫ ਐਮੀਨੈਂਸ ਫੀਲਖਾਨਾ ਦੀਆਂ ਵਿਦਿਆਰਥਣਾਂ ਵੱਲੋਂ ਪੇਸ਼ ਕੀਤੀ ਸਰਸਵਤੀ ਵੰਦਨਾ ਨਾਲ ਹੋਈ।

ਡਾਇਰੈਕਟਰ ਜਸਵੰਤ ਸਿੰਘ ਜ਼ਫ਼ਰ ਨੇ ਆਪਣੇ ਸਵਾਗਤੀ ਭਾਸ਼ਣ 'ਚ ਕਿਹਾ ਕਿ ਅਸੀਂ ਉਸ ਧਰਤੀ ਦੇ ਜਾਏ ਹਾਂ ਜਿੱਥੇ ਦੁਨੀਆ ਦਾ ਪਹਿਲਾ ਗ੍ਰੰਥ ਸੰਸਕ੍ਰਿਤ 'ਚ 'ਰਿਗਵੇਦ' ਰਚਿਆ ਗਿਆ ਅਤੇ ਸੰਸਾਰ ਦੇ ਪਹਿਲੇ ਸੰਪਾਦਤ ਗ੍ਰੰਥ 'ਆਦਿ ਗ੍ਰੰਥ' ਦੀ ਸਿਰਜਣਾ ਵੀ ਹੋਈ। ਉਨ੍ਹਾਂ ਕਿਹਾ ਕਿ ਕਈ ਵਾਰ ਅਸੀਂ ਆਪਣੇ ਸੀਮਿਤ ਵਿਚਾਰਾਂ ਤੇ ਵਿਸ਼ਵਾਸ਼ਾਂ 'ਚ ਜਕੜੇ ਰਹਿੰਦੇ ਹਾਂ ਪਰ ਲੋੜ ਅਜਿਹੀ ਵੱਡਮੁੱਲੀ ਵਿਚਾਰ ਚਰਚਾ ਦਾ ਹਿੱਸਾ ਬਣੀਏ ਅਤੇ ਆਪਣੇ ਗਿਆਨ ਦਾ ਘੇਰਾ ਵਿਸ਼ਾਲ ਕਰੀਏ। ਉਨ੍ਹਾਂ ਕਿਹਾ ਕਿ ਭਾਸ਼ਾ ਦਾ ਕੰਮ ਸੰਸਾਰ ਨੂੰ ਜੋੜਨਾ ਹੈ, ਇਸ ਕਰਕੇ ਸਾਨੂੰ ਆਪਣੀ ਵਿਰਾਸਤ 'ਚ ਮਿਲੀਆ ਭਾਸ਼ਾਵਾਂ ਦਾ ਗਿਆਨ ਜ਼ਰੂਰ ਹੋਣਾ ਚਾਹੀਦਾ ਹੈ ਜਿੰਨਾਂ ਨੇ ਸਦਾ ਹੀ ਨਰੋਏ ਸਮਾਜ ਦੀ ਸਿਰਜਣਾ 'ਚ ਅਹਿਮ ਯੋਗਦਾਨ ਪਾਇਆ ਹੈ। ਮੁੱਖ ਵਕਤਾ ਡਾ. ਮਨਮੋਹਨ ਸਿੰਘ ਨੇ ਆਪਣੇ ਵਿਦਵਤਾ ਭਰਪੂਰ ਭਾਸ਼ਣ ਦੌਰਾਨ ਭਾਸ਼ਾ ਨੂੰ ਸਮਝਣ ਦੇ ਦੋ ਵੱਖ-ਵੱਖ

ਮਹਾਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹੈ ਮੋਟਾਪਾ



ਮੋਟਾਪਾ ਅੱਜ ਭਾਰਤ ਵਿਚ ਮਹਾਂਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਖਾਣ ਪੀਣ ਦੀਆਂ ਵਿਗੜ ਰਹੀਆਂ ਆਦਤਾਂ ਕਾਰਨ ਭਾਰਤ ਵਿਚ ਵੀ ਮੋਟੇ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਕ ਸਰਵੇਖਣ ਤੋਂ ਪਤਾ ਲਗਿਆ ਹੈ ਕਿ ਰਾਜਧਾਨੀ ਵਿਚ ਮੋਟੇ ਲੋਕਾਂ ਦੀ ਗਿਣਤੀ ਵਿਚ ਪਿਛਲੇ ਦੋ ਸਾਲਾਂ ਵਿਚ 12 ਫ਼ੀ ਸਦੀ ਦਾ ਵਾਧਾ ਹੋਇਆ ਹੈ। ਐਸਕਾਰਟ ਹਸਪਤਾਲ ਵਲੋਂ ਸਕੂਲੀ ਬੱਚਿਆਂ 'ਤੇ ਕੀਤੇ ਇਕ ਸਰਵੇਖਣ ਅਨੁਸਾਰ 28 ਫ਼ੀਸਦੀ ਬੱਚੇ ਮੋਟਾਪੇ ਦਾ ਸ਼ਿਕਾਰ ਪਾਏ ਗਏ।

ਦੁਨੀਆਂ ਭਰ ਵਿਚ ਸੱਭ ਤੋਂ ਵੱਧ ਮੌਤਾਂ ਲਈ ਹੁਣ ਤਕ ਤੰਬਾਕੂਨੋਸ਼ੀ ਨੂੰ ਹੀ ਜ਼ਿੰਮੇਵਾਰ ਮੰਨਿਆ ਜਾਂਦਾ ਸੀ, ਪਰ ਵਾਸ਼ਿੰਗਟਨ ਸਥਿਤ 'ਸੈਂਟਰ ਫਾਰ ਡਿਜ਼ੀਜ਼ ਕੰਟਰੋਲ ਐਂਡ ਪ੍ਰੀਵੈਨਸ਼ਨ' ਦੀ ਇਕ ਰੀਪੋਰਟ 'ਚ ਕਿਹਾ ਗਿਆ ਹੈ ਕਿ ਮੋਟਾਪਾ ਛੇਤੀ ਹੀ ਮੌਤਾਂ ਦਾ ਸਭ ਤੋਂ ਵੱਡਾ ਕਾਰਨ ਬਣ ਜਾਵੇਗਾ। ਰਿਪੋਰਟ 'ਚ ਕਿਹਾ ਗਿਆ ਹੈ ਕਿ ਹੁਣ ਤਕ ਸਿਹਤ 'ਚ ਜਿੰਨਾ ਸੁਧਾਰ ਹੋਇਆ ਹੈ ਮੋਟਾਪਾ ਉਸ ਨੂੰ ਪੂਰੀ ਤਰ੍ਹਾਂ ਨਸ਼ਟ ਕਰ ਦਿੰਦਾ ਹੈ। ਅਮਰੀਕਾ 'ਚ ਇਸ ਸਮੇਂ ਕਰੀਬ 64 ਫ਼ੀਸਦੀ ਲੋਕ ਮੋਟਾਪੇ ਦੇ ਸ਼ਿਕਾਰ ਹਨ। ਜੇ ਔਰਤਾਂ ਆਪਣੀ ਉਮਰ ਤੇ ਵਜ਼ਨ ਦੇ ਹਿਸਾਬ ਨਾਲ 30 ਪੌਂਡ ਵੱਧ ਵਜ਼ਨੀ ਹਨ ਤਾਂ ਮਰਦ 30 ਤੋਂ 40 ਪੌਂਡ ਵੱਧ। ਅਮਰੀਕਾ 'ਚ ਮੋਟਾਪੇ ਦਾ ਸ਼ਿਕਾਰ ਬੱਚਿਆਂ ਦੀਆਂ ਧਮਣੀਆਂ ਨੂੰ ਨੁਕਸਾਨ ਪੁੱਜਣ ਦੇ ਵੀ ਸਬੂਤ ਮਿਲੇ ਹਨ। ਵਿਸ਼ਵ ਸਿਹਤ ਸੰਸਥਾ ਅਨੁਸਾਰ ਦੁਨੀਆਂ ਭਰ 'ਚ ਸਾਲ 2005 'ਚ 15 ਸਾਲ ਤੋਂ ਵੱਧ ਉਮਰ ਦੇ ਵੱਧ ਵਜ਼ਨ ਵਾਲੇ ਲੋਕਾਂ ਦੀ ਗਿਣਤੀ ਲਗਭਗ 1.5 ਕਰੋੜ ਅਤੇ ਭਾਰੀ ਮੋਟਾਪੇ ਦਾ ਸ਼ਿਕਾਰ ਲੋਕਾਂ ਦੀ ਗਿਣਤੀ ਕਰੀਬ 4 ਕਰੋੜ ਸੀ ਉਥੇ ਸਾਲ 2015 ਤਕ ਇਹ ਗਿਣਤੀ ਕ੍ਰਮਵਾਰ ਸਵਾ ਦੋ ਕਰੋੜ ਅਤੇ 7 ਕਰੋੜ ਹੋ ਜਾਣ ਦਾ ਅਨੁਮਾਨ ਹੈ। ਇਕ ਸਮਾਂ ਸੀ ਜਦੋਂ ਮੋਟਾਪੇ ਨੂੰ ਅਮੀਰ ਲੋਕਾਂ ਦੀ ਸਮੱਸਿਆ ਮੰਨਿਆ ਜਾਂਦਾ ਸੀ ਪਰ ਹੁਣ ਇਹ ਵਿਚਾਰ ਬਦਲ ਰਿਹਾ ਹੈ ਕਿਉਂਕਿ ਅਜਿਹੇ ਦੇਸ਼ਾਂ ਵਿਚ ਵੀ ਲੋਕ ਮੋਟਾਪੇ ਦੇ ਸ਼ਿਕਾਰ ਹੋ ਰਹੇ ਹਨ ਜਿਥੇ ਭੁੱਖਮਰੀ ਫੈਲੀ ਹੋਈ ਹੈ। ਪਿਛਲੇ 3 ਸਾਲਾਂ 'ਚ ਚੀਨ ਵਿਚ ਜਿਥੇ ਮੋਟਾਪੇ ਦੇ ਸ਼ਿਕਾਰ ਲੋਕਾਂ ਦੀ ਗਿਣਤੀ 10 ਤੋਂ ਵਧ ਕੇ 15 ਫ਼ੀ ਸਦੀ ਹੋ ਗਈ ਹੈ ਉਥੇ ਅਮਰੀਕਾ ਬ੍ਰਿਟੇਨ ਤੇ ਰੂਸ ਵਰਗੇ ਵਿਕਸਿਤ ਦੇਸ਼ਾਂ ਵਿਚ ਮੋਟੇ ਲੋਕਾਂ ਦੀ ਗਿਣਤੀ 30 ਫ਼ੀਸਦੀ ਤੋਂ ਵੀ ਵੱਧ ਹੋ ਗਈ ਹੈ।

ਮੋਟਾਪਾ ਅੱਜ ਭਾਰਤ ਵਿਚ ਮਹਾਂਮਾਰੀ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ। ਖਾਣ-ਪੀਣ ਦੀਆਂ ਵਿਗੜ ਰਹੀਆਂ ਆਦਤਾਂ ਕਾਰਨ ਭਾਰਤ ਵਿਚ ਵੀ ਮੋਟੇ ਲੋਕਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੁੰਦਾ ਜਾ ਰਿਹਾ ਹੈ। ਇਕ ਸਰਵੇਖਣ ਤੋਂ ਪਤਾ ਲਗਿਆ ਹੈ ਕਿ ਰਾਜਧਾਨੀ ਵਿਚ ਮੋਟੇ ਲੋਕਾਂ ਦੀ ਗਿਣਤੀ ਵਿਚ ਪਿਛਲੇ ਦੋ ਸਾਲਾਂ ਵਿਚ 12 ਫ਼ੀਸਦੀ ਦਾ ਵਾਧਾ ਹੋਇਆ ਹੈ। ਐਸਕਾਰਟ ਹਸਪਤਾਲ ਵਲੋਂ ਸਕੂਲੀ ਬੱਚਿਆਂ 'ਤੇ ਕੀਤੇ ਇਕ ਸਰਵੇਖਣ ਅਨੁਸਾਰ 28 ਫ਼ੀ ਸਦੀ ਬੱਚੇ ਮੋਟਾਪੇ ਦਾ ਸ਼ਿਕਾਰ ਪਾਏ ਗਏ। ਮੋਟਾਪੇ ਦਾ ਕਾਰਨ ਸ਼ੂਗਰ, ਦਿਲ ਦੇ ਰੋਗਾਂ, ਜੋੜਾਂ ਦੀ ਸਮੱਸਿਆ ਤੇ ਮਾਨਸਿਕ ਸਿਹਤ ਵਿਚ ਗੜਬੜ ਹੋਣ ਦਾ ਡਰ ਵਧ ਜਾਂਦਾ ਹੈ। ਆਮ ਵਿਅਕਤੀਆਂ ਦੇ ਮੁਕਾਬਲੇ ਮੋਟੇ ਲੋਕਾਂ ਦੀ ਮੌਤ ਦਰ ਵੀ ਜ਼ਿਆਦਾ ਹੈ। ਸੰਸਾਰ ਵਿਚ ਸੱਭ ਤੋਂ ਵੱਧ, ਪੌਣੇ ਦੋ ਕਰੋੜ ਲੋਕ ਦਿਲ ਦੀਆਂ ਬਿਮਾਰੀਆਂ ਕਾਰਨ ਕੂਚ ਕਰ ਜਾਂਦੇ ਹਨ। ਸ਼ੂਗਰ ਦੇ ਰੋਗੀਆਂ ਵਿਚ ਮੋਟਾਪੇ ਕਾਰਨ ਵਾਧਾ ਹੋ ਰਿਹਾ ਹੈ। ਸੰਸਾਰ ਸਿਹਤ ਸੰਸਥਾ ਦਾ ਕਹਿਣਾ ਹੈ ਕਿ ਅਗਲੇ 10 ਸਾਲਾਂ ਵਿਚ ਸ਼ੂਗਰ ਦੀ ਬਿਮਾਰੀ ਦੇ ਰੋਗੀਆਂ ਦੀ ਗਿਣਤੀ ਵਿਚ 50 ਫ਼ੀਸਦੀ ਵਾਧਾ ਹੋ ਜਾਵੇਗਾ। ਅਮਰੀਕਾ 'ਚ ਨੌਜਵਾਨਾਂ 'ਤੇ ਕੀਤੇ ਇਕ ਸਰਵੇਖਣ ਵਿਚ ਇਹ ਤੱਥ ਸਾਹਮਣੇ ਆਏ ਹਨ ਕਿ ਮੋਟਾਪੇ ਦਾ ਸ਼ਿਕਾਰ ਨੌਜਵਾਨਾਂ ਵਿਚ ਸ਼ੂਗਰ ਨਾਲ ਪੀੜਤ ਹੋਣ ਦੇ ਖ਼ਤਰੇ ਵਧ ਜਾਂਦੇ ਹਨ। ਸਰਵੇਖਣ ਕਰਨ ਵਾਲਿਆਂ ਨੇ ਵੇਖਿਆ ਕਿ ਇਨ੍ਹਾਂ ਨੌਜਵਾਨਾਂ ਵਿਚ ਅੱਧੀ ਉਮਰ ਤਕ ਪਹੁੰਚਦੇ ਸ਼ੂਗਰ ਨਾਲ ਪੀੜਤ ਹੋਣ ਦਾ ਖ਼ਤਰਾ ਵਧ ਹੁੰਦਾ ਹੈ। ਜ਼ਰੂਰਤ ਤੋਂ ਵੱਧ ਮੋਟਾਪੇ ਦਾ ਸ਼ਿਕਾਰ ਨੌਜਵਾਨਾਂ ਵਿਚ ਇਹ ਖ਼ਤਰਾ 70 ਫ਼ੀਸਦੀ ਅਤੇ ਮੁਟਿਆਰਾਂ ਵਿਚ 72 ਫ਼ੀ ਸਦੀ ਹੁੰਦਾ ਹੈ। ਮੋਟਾਪਾ ਨਾ ਸਿਰਫ ਦਿਲ ਦੇ ਰੋਗਾਂ ਬਲਕਿ ਬਲੱਡ ਪ੍ਰੈਸ਼ਰ, ਅਧਰੰਗ ਤੇ ਕੈਂਸਰ ਵਰਗੀਆਂ ਜਾਨਲੇਵਾ ਬਿਮਾਰੀਆਂ ਦਾ ਵੀ ਜੜ੍ਹ ਹੈ। ਖਾਣ ਪੀਣ ਪ੍ਰਤੀ ਲਾਪ੍ਰਵਾਹੀ, ਤੇਜ਼ੀ ਨਾਲ ਬਦਲਦੀ ਜੀਵਨ ਸ਼ੈਲੀ ਤੇ ਰੋਜ਼ਾਨਾ ਕਸਰਤ ਨਾ ਕਰਨ ਕਰ ਕੇ ਨੌਜਵਾਨ ਵਰਗ ਤੇਜ਼ੀ ਨਾਲ ਮੋਟਾਪੇ ਦਾ ਸ਼ਿਕਾਰ ਹੋ ਰਿਹਾ ਹੈ। ਇਸ ਕਾਰਨ ਸ਼ੂਗਰ ਦੀ ਬਿਮਾਰੀ, ਦਿਲ ਦੇ ਰੋਗ ਤੇ ਗੋਡਿਆਂ 'ਚ ਦਰਦ ਦੇ ਰੋਗੀਆਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਮੋਟਾਪਾ ਵੱਧਣ ਨਾਲ ਦਿਲ ਨੂੰ ਆਮ ਨਾਲੋਂ ਦੁੱਗਣੀ ਤਾਕਤ ਨਾਲ ਕੰਮ ਕਰਨਾ ਪੈਂਦਾ ਹੈ ਜਿਸ ਨਾਲ ਉਸ ਦੀ ਕਾਰਜ ਸ਼ਕਤੀ ਘੱਟ ਜਾਂਦੀ ਹੈ। ਮੋਟਾਪੇ ਕਾਰਨ ਜਿਗਰ ਦੀ ਕੰਮ ਕਰਨ ਦੀ ਸ਼ਕਤੀ 'ਤੇ ਵੀ ਅਸਰ ਪੈਂਦਾ ਹੈ। ਔਰਤਾਂ 'ਚ 'ਪੋਲੀਸਿਸਟਕ ਉਵੇਰੀਅਨ ਡਿਸੀਜ਼' ਨਾਂ ਦੀ ਬਿਮਾਰੀ ਪੈਦਾ ਹੋ ਜਾਂਦੀ ਹੈ ਜਿਸ ਨਾਲ ਮਹਾਂਵਾਰੀ ਸਬੰਧੀ ਰੋਗ ਪੈਦਾ ਹੋ ਜਾਂਦੇ ਹਨ। ਬ੍ਰਿਟੇਨ 'ਚ ਕੀਤੇ ਗਏ ਇਕ ਸਰਵੇਖਣ ਵਿਚ ਇਹ ਪਤਾ ਲਗਿਆ ਕਿ 6 ਸਾਲ ਦੀ ਉਮਰ ਤਕ ਹਰੇਕ 10 ਬੱਚਿਆਂ ਵਿਚੋਂ ਇਕ ਅਤੇ 15 ਸਾਲ ਦੀ ਉਮਰ ਤਕ ਹਰੇਕ 5 ਬੱਚਿਆਂ ਵਿਚੋਂ ਇਕ ਮੋਟਾਪੇ ਦੀ ਲਪੇਟ 'ਚ ਹੈ। ਭਾਰਤ 'ਚ 6 ਤੋਂ 10 ਸਾਲ ਤਕ ਦੇ ਬੱਚਿਆਂ 'ਚ 10 ਫ਼ੀਸਦੀ ਤੋਂ ਵੱਧ ਮੋਟਾਪੇ ਦਾ ਸ਼ਿਕਾਰ ਹਨ। ਕੀ ਆਪਾਂ ਕਦੇ ਵੀ ਇਹ ਜਾਣਨ ਦੀ ਕੋਸ਼ਿਸ਼ ਕੀਤੀ ਹੈ? ਨਿਰਸੰਦੇਹ ਜੰਕ ਫੂਡ ਦੀ ਇਸ ਵਿਚ ਬਹੁਤ ਵੱਡੀ ਭੂਮਿਕਾ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਬੱਚਿਆਂ 'ਚ ਮੋਟਾਪਾ ਵਧਣ ਦੀ ਵਜ੍ਹਾ ਉਨ੍ਹਾਂ ਦੀ ਜੀਵਨ ਸ਼ੈਲੀ ਹੀ ਹੈ।

ਫ਼ਾਸਟ ਫੂਡ, ਮੈਦਾਨੀ ਖੇਡਾਂ ਦੀ ਥਾਂ ਟੀ.ਵੀ. ਨਾਲ ਚਿਪਕੇ ਰਹਿਣਾ ਤੇ ਕਸਰਤ ਨਾ ਕਰਨਾ ਬੱਚਿਆਂ 'ਚ ਵਧ ਰਹੇ ਮੋਟਾਪੇ ਦਾ ਕਾਰਨ ਹੈ। ਚਰਬੀ ਵਾਲੇ ਭੋਜਨ ਕਾਰਨ ਮੋਟਾਪਾ ਇਕ ਮਹਾਂਮਾਰੀ ਵਾਂਗ ਅੱਗੇ ਵਧ ਰਿਹਾ ਹੈ। ਮਾਹਿਰਾਂ ਨੇ ਚਿਤਾਵਨੀ ਦਿੰਦਿਆਂ ਕਿਹਾ ਹੈ ਕਿ ਜੇ ਮੋਟਾਪੇ ਨੂੰ ਨਾ ਰੋਕਿਆ ਗਿਆ ਤਾਂ ਅਗਲੇ 15 ਸਾਲਾਂ 'ਚ ਸ਼ੂਗਰ ਤੇ ਦਿਲ ਦੇ ਰੋਗਾਂ ਦੀ ਮਹਾਂਮਾਰੀ ਝੱਲਣੀ ਪੈ ਸਕਦੀ ਹੈ। ਮਾਹਰ ਮੋਟਾਪੇ ਨੂੰ ਉਨਾ ਹੀ ਖਤਰਨਾਕ ਮੰਨਦੇ ਹਨ ਜਿੰਨਾ ਸ਼ਰਾਬ ਦੀ ਆਪ ਮੁਹਾਰੀ ਵਰਤੋਂ ਨੂੰ। ਸ਼ਰਾਬ ਦੀ ਆਦਤ ਤੇ ਮੋਟਾਪੇ ਤੋਂ ਹੋਣ ਵਾਲੀਆਂ ਬਿਮਾਰੀਆਂ ਲਗਭਗ ਇਕੋ ਜਿਹੀਆਂ ਹੀ ਹਨ। ਫਰਕ ਸਿਰਫ਼ ਇਹ ਹੈ ਕਿ ਸ਼ਰਾਬ ਦੀ ਆਦਤ ਨੂੰ ਰੋਕਣਾ ਸੌਖਾ ਹੈ ਜਦਕਿ ਮੋਟਾਪੇ ਨੂੰ ਰੋਕਣਾ ਸੌਖਾ ਨਹੀਂ।

ਸਵਾਲ ਇਹ ਹੈ ਕਿ ਆਖਰ ਮੋਟਾਪਾ ਹੈ ਕੀ? ਸਾਡੇ ਸਰੀਰ ਵਿਚ ਵਧ ਰਹੀ ਚਰਬੀ ਹੀ ਮੋਟਾਪਾ ਹੈ ਜੋ ਸਾਡੇ ਵੱਲੋਂ ਲਏ ਗਏ ਭੋਜਨ ਤੇ ਖਰਚ ਕੀਤੀਆਂ ਜਾਣ ਵਾਲੀਆਂ ਕੈਲੋਰੀਆਂ ਵਿਚਕਾਰ ਸੰਤੁਲਨ ਨਾ ਹੋਣ ਕਾਰਨ ਵਧਦੀ ਹੈ। ਅਸੀਂ ਜਿੰਨਾ ਭੋਜਨ ਖਾਂਦੇ ਹਾਂ ਅਤੇ ਰੋਜ਼ਾਨਾ ਅਪਣੇ ਕੰਮਾਂ ਕਾਰਾਂ, ਕਸਰਤ ਜਾਂ ਸਰੀਰਕ ਮਿਹਨਤ ਰਾਹੀਂ ਜੋ ਕੈਲੋਰੀ ਖਰਚ ਕਰਦੇ ਹਾਂ ਉਸ ਵਿਚਕਾਰ ਜੇ ਸਹੀ ਸੰਤੁਲਨ ਨਾ ਹੋਵੇ ਤਾਂ ਚਰਬੀ ਵਧਣ ਲਗਦੀ ਹੈ, ਇਹੀ ਮੋਟਾਪਾ ਹੈ। ਅੱਜ ਦੀ ਰੁਝੇਵਿਆਂ ਭਰੀ ਜ਼ਿੰਦਗੀ ਵਿਚ ਅਸੀਂ ਜੰਕ ਫੂਡ ਦੇ ਰੂਪ ਵਿਚ ਪੀਜਾ ਬਰਗਰ ਆਦਿ ਗ੍ਰਹਿਣ ਕਰ ਰਹੇ ਹਾਂ।

ਇਹ ਮੋਟਾਪੇ ਦਾ ਸੱਭ ਤੋਂ ਵੱਡਾ ਕਾਰਨ ਹੈ। ਭੋਜਨ 'ਚ ਜਿਥੇ ਫੈਟ ਦੀ ਮਾਤਰਾ ਜ਼ਰੂਰਤ ਤੋਂ ਵੱਧ ਹੁੰਦੀ ਹੈ ਉਥੇ ਵਿਟਾਮਿਨ ਦੀ ਮਾਤਾਰ ਘੱਟ ਤੋਂ ਘੱਟ। ਮੋਟਾਪੇ ਨੂੰ ਕਾਬੂ ਕਿਵੇਂ ਕੀਤਾ ਜਾਵੇ? ਮੋਟਾਪਾ ਘਟਾਉਣ ਕਈ ਪ੍ਰਕਾਰ ਦੀਆਂ ਗ਼ਲਤ ਧਾਰਨਾਵਾਂ ਪ੍ਰਚਲਿਤ ਹਨ। ਬਹੁਤ ਸਾਰੇ ਲੋਕਾਂ ਦਾ ਮੰਨਣਾ ਹੈ ਕਿ ਰੋਜ਼ਾਨਾ ਪੰਜ ਮਿੰਟ ਦੀ ਕਸਰਤ ਉਨ੍ਹਾਂ ਨੂੰ ਮੋਟਾਪੇ ਤੋਂ ਛੁਟਕਾਰਾ ਦਿਵਾ ਸਕਦੀ ਹੈ। ਹੌਲੀ ਹੌਲੀ ਕੀਤੀ ਕਸਰਤ ਵੱਧ ਚਰਬੀ ਘਟਾਉਂਦੀ ਹੈ ਜਿਸ ਨਾਲ ਮੋਟਾਪਾ ਛੇਤੀ ਖ਼ਤਮ ਹੁੰਦਾ ਹੈ। ਪੇਟ ਵਰਗੇ ਕੁੱਝ ਹਿਸਿਆਂ ਦੀ ਚਰਬੀ ਘਟਾਉਣ ਨਾਲ ਹੀ ਮੋਟਾਪੇ 'ਤੇ ਕਾਬੂ ਕੀਤਾ ਜਾ ਸਕਦਾ ਹੈ। ਕੁਝ ਵਿਸ਼ੇਸ਼ ਕਿਸਮ ਦੀਆਂ ਕੈਪਸੂਲ ਗੋਲੀਆਂ ਵੀ ਮੋਟਾਪਾ ਘਟਾਉਣ ਵਿਚ ਸਹਾਇਕ ਹਨ। ਅਸਲੀਅਤ ਇਹ ਹੈ ਕਿ ਮੋਟਾਪੇ 'ਤੇ ਕਾਬੂ ਪਾਉਣ ਲਈ ਕਸਰਤ ਪ੍ਰਤੀ ਦਿਨ ਘੱਟੋ ਘੱਟ 30 ਮਿੰਟ ਜ਼ਰੂਰ ਕਰਨੀ ਚਾਹੀਦੀ ਹੈ। ਸਿਰਫ ਪੰਜ ਮਿੰਟ ਕਸਰਤ ਕਰਨ ਨਾਲ ਕੋਈ ਫ਼ਾਇਦਾ ਨਹੀਂ ਹੁੰਦਾ।

ਮੱਠੀ ਰਫਤਾਰ ਨਾਲ ਕਸਰਤ ਵੀ ਇਕ ਵਹਿਮ ਹੈ। ਕੈਲੈਫੋਰਨੀਆ ਦੇ ਖੇਡ ਖੁਰਾਕ ਮਾਹਰ ਏਲਨ ਕੋਲਮੈਨ ਅਨੁਸਾਰ ਤੇਜ਼ ਰਫਤਾਰ ਨਾਲ ਕੀਤੀ ਕਸਰਤ ਸਰੀਰ ਵਿਚੋਂ ਸ਼ੂਗਰ ਜਲਾਉਣ ਦੇ ਨਾਲ ਨਾਲ ਕੈਲੋਰੀ ਵੀ ਵਧ ਖਰਚ ਕਰਦੀ ਹੈ ਜਿਸ ਨਾਲ ਵਜ਼ਨ ਤੇਜ਼ੀ ਨਾਲ ਘਟ ਹੁੰਦਾ ਹੈ। ਜੇ ਤੁਸੀਂ ਮੋਟਾਪੇ ਤੋਂ ਛੁਟਕਾਰਾ ਪਾਉਣਾ ਚਾਹੁੰਦੇ ਹੋ ਤਾਂ ਅਕਸਰ ਕੀਤੇ ਜਾਣ ਵਾਲੇ ਭਰਮਾਊ ਦਾਅਵਿਆਂ ਵਿਚ ਉਲਝਣ ਦੀ ਥਾਂ ਜ਼ਰੂਰਤ ਹੈ, ਖਾਣ ਪੀਣ 'ਚ ਸੰਜਮ ਤੇ ਰੋਜ਼ਾਨਾ ਕਸਰਤ ਕੀਤੀ ਜਾਵੇ। ਨਾ ਕਿ ਗੋਲੀ ਕੈਪਸੂਲ ਜਾਂ ਮੋਟਾਪਾ ਘਟਾਉਣ ਦੀ ਦਵਾਈ ਕਰਨ ਵਾਲੇ ਕਿਸੇ ਪ੍ਰਕਾਰ ਦੇ ਇਲੈਕਟ੍ਰੋਨਿਕ ਉਪਕਰਨਾਂ ਦੀ। ਮਾਹਰਾਂ ਅਨੁਸਾਰ ਮੋਟਾਪਾ ਜਿੰਨੇ ਲੰਮੇ ਸਮੇਂ ਤਕ ਰਹਿੰਦਾ ਹੈ, ਸ਼ੂਗਰ ਹੋਣ ਦਾ ਡਰ ਵੀ ਉਨਾ ਹੀ ਵਧ ਜਾਂਦਾ ਹੈ। ਮੋਟਾਪੇ ਕਾਰਨ ਬਲੱਡ ਪ੍ਰੈਸ਼ਰ ਤੇ ਕੈਲੈਸਟਰੋਲ ਦਾ ਪੱਧਰ ਵੀ ਵੱਧ ਜਾਂਦਾ ਹੈ। ਮੋਟਾਪੇ ਦਾ ਸ਼ਿਕਾਰ ਬੱਚੇ ਹੀਣਭਾਵਨਾ ਵਿਚ ਜਿਊਣ ਲਗ ਜਾਂਦੇ ਹਨ ਜਿਸ ਨਾਲ ਕਈ ਤਰ੍ਹਾਂ ਦੀਆਂ ਮਾਨਸਿਕ ਬਿਮਾਰੀਆਂ ਪੈਦਾ ਹੋ ਜਾਂਦੀਆਂ ਹਨ।

ਅਜਿਹੇ ਬੱਚਿਆਂ ਨੂੰ ਆਉਣ ਵਾਲੇ ਸਮੇਂ ਵਿਚ ਅਰਥਰਾਈਟਸ ਵਰਗੀ ਬਿਮਾਰੀ ਹੋਣ ਦਾ ਖ਼ਤਰਾ ਵੀ ਵਧ ਜਾਂਦਾ ਹੈ। ਮਾਹਰਾਂ ਅਨੁਸਾਰ 6 ਸਾਲ ਤਕ ਦੇ ਮੁੰਡਿਆਂ ਲਈ 1700 ਤੇ ਇਸ ਉਮਰ ਦੀਆਂ ਕੁੜੀਆਂ ਲਈ 1500 ਕੈਲੋਰੀ, 10 ਸਾਲ ਤਕ ਦੇ ਮੁੰਡਿਆਂ ਲਈ 1970 ਤੇ ਕੁੜੀਆਂ ਲਈ 1700 ਕੈਲੋਰੀ, ਮਰਦਾਂ ਲਈ 2500 ਕੈਲੋਰੀ ਅਤੇ ਔਰਤਾਂ ਲਈ 2000 ਕੈਲੋਰੀ ਦੀ ਜ਼ਰੂਰਤ ਹੁੰਦੀ ਹੈ।

-ਡਾ. ਅਜੀਤਪਾਲ ਸਿੰਘ

ਐਨਕ ਤੋਂ ਛੁਟਕਾਰੇ ਲਈ ਰੇਡੀਅਲ ਕੈਰਾਟਾਟੋਮੀ

ਰੇਡੀਅਲ ਕੈਰਾਟਾਟੋਮੀ ਨੇੜੇ ਦੀ ਨਜ਼ਰ ਦੇ ਨੁਕਸ ਮਾਓਪੀਆਂ ਬਹੁਤ ਆਧੁਨਿਕ ਇਲਾਜ ਹੈ ਜਿਸ ਦੇ ਫਲਸਰੂਪ ਐਨਕ ਅਤੇ ਕਾਂਟੈਕਟ ਲੈਨਜ਼ ਤੋਂ ਹਮੇਸ਼ਾਂ ਲਈ ਛੁਟਕਾਰਾ ਮਿਲ ਜਾਂਦਾ ਹੈ ਅਤੇ ਅੱਖਾਂ ਅਤੇ ਨਜ਼ਰ ਨੂੰ ਕਿਸੇ ਵੀ ਤਰ੍ਹਾਂ ਦੀ ਹਾਨੀ ਨਹੀਂ ਹੁੰਦੀ।

ਕਾਰਨੀਆ ਦੇ ਦੋਸ਼ : ਮਾਓਪੀਆ ਅਤੇ ਐਸਟਿਗਮੈਟਿਸਮ ਦੇ ਰੋਗ ਅੱਖ ਵਿਚ ਕਾਰਨੀਆ ਦੀ ਗੋਲਾਈ ਨਾਲ ਸਬੰਧਤ ਹਨ। ਅੱਖ ਦੀ ਪੁਤਲੀ ਦੇ ਅੱਗੇ ਪਾਰਦਰਸ਼ੀ ਪਰਤ ਹੁੰਦੀ ਹੈ ਜਿਸ ਨੂੰ ਕਾਰਨੀਆ ਕਹਿੰਦੇ ਹਨ। ਕਾਰਨੀਆ ਤੋਂ ਹੋ ਕੇ ਹੀ ਪ੍ਰਕਾਸ਼ ਦੀਆਂ ਕਿਰਨਾਂ ਅੱਖਾਂ ਵਿਚ ਜਾਂਦੀਆਂ ਹਨ ਅਤੇ ਰੈਟਿਨਾ 'ਤੇ ਚਿੱਤਰ ਬਣਾਉਂਦੀਆਂ ਹਨ। ਜੇਕਰ ਕਾਰਨੀਆ ਦੀ ਗੋਲਾਈ ਵਿਚ ਕੁਝ ਦੋਸ਼ ਆ ਜਾਂਦਾ ਹੈ ਤਾਂ ਪ੍ਰਕਾਸ਼ ਦੀਆਂ ਕਿਰਨਾਂ ਚੰਗੀ ਤਰ੍ਹਾਂ ਰਿਫਲੈਕਟ ਨਹੀਂ ਹੁੰਦੀਆਂ, ਫਲਸਰੂਪ ਰੈਟਿਨਾ 'ਤੇ ਚਿੱਤਰ ਨਹੀਂ ਬਣਦਾ ਅਤੇ ਸਪੱਸ਼ਟ ਦਿਖਾਈ ਨਹੀਂ ਦਿੰਦਾ। ਮਾਓਪੀਆ ਵਿਚ ਦੂਰ ਦੀ ਚੀਜ਼ ਦਾ ਪ੍ਰਤੀਬਿੰਬ ਠੀਕ ਰੇਟਿਨਾ 'ਤੇ ਨਹੀਂ ਬਣਦਾ। ਇਸ ਕਾਰਨ ਰੋਗੀਆਂ ਨੂੰ ਦੂਰ ਦੀਆਂ ਚੀਜ਼ਾਂ ਸਾਫ ਦਿਖਾਈ ਨਹੀਂ ਦਿੰਦੀਆਂ। ਮਾਓਪੀਆ ਦਾ ਰੋਗ ਉਦੋਂ ਹੋ ਜਾਂਦਾ ਹੈ ਜਦੋਂ ਕਾਰਨੀਆ ਦਾ ਘੇਰਾ ਜਾਂ ਗੋਲਾਈ ਬਹੁਤ ਜ਼ਿਆਦਾ ਹੋ ਜਾਂਦੀ ਹੈ। ਇਸ ਤੋਂ ਇਲਾਵਾ ਐਸਟਿਗਮੈਟਿਸਮ ਵਿਚ ਕਾਰਨੀਆ ਦੀ ਗੋਲਾਈ ਹਰ ਸਥਾਨ 'ਤੇ ਇਕੋ ਜਿਹੀ ਨਹੀਂ ਹੁੰਦੀ। ਇਹ ਗੋਲਾਈ ਕਿਤੇ ਜ਼ਿਆਦਾ ਹੁੰਦੀ ਹੈ ਅਤੇ ਕਿਤੇ ਘੱਟ ਰੋਗੀ ਨੂੰ ਹਰ ਵਸਤੂ ਧੁੰਦਲੀ ਦਿਖਾਈ ਦਿੰਦੀ ਹੈ ਜਾਂ ਇਕ ਵਸਤੂ ਦੂਜੀ ਨਾਲ ਢੱਕੀ ਹੋਈ ਵਿਖਾਈ ਦਿੰਦੀ ਹੈ।

ਐਨਕ ਤੋਂ ਛੁਟਕਾਰਾ: ਮਾਓਪੀਆ ਅਤੇ ਐਸਟਿਗਮੈਟਿਸਮ ਦੇ ਰੋਗ ਇਕ ਹੀ ਵਿਅਕਤੀਆਂ ਦੀਆਂ ਅੱਖਾਂ ਵਿਚ ਵੀ ਹੋ ਸਕਦੇ ਹਨ। ਸਾਧਾਰਨ ਤੌਰ 'ਤੇ ਇਨ੍ਹਾਂ ਦੋਹਾਂ ਰੋਗਾਂ ਦਾ ਇਕੋ-ਇਕ ਇਲਾਜ ਐਨਕ ਹੀ ਹੈ ਪਰ ਕੁਝ ਸਮੇਂ ਤੋਂ ਕਾਂਟੈਕਟ ਲੈਨਜ਼ ਦਾ ਰਿਵਾਜ਼ ਵੱਧ ਗਿਆ ਹੈ ਪਰ ਰੋਗੀ ਨੂੰ ਲਗਾਤਾਰ ਐਨਕ ਜਾਂ ਲੈਨਜ਼ ਲਾਉਣ ਪੈਂਦਾ ਹੈ ਅਤੇ ਉਹ ਪੂਰੀ ਤਰ੍ਹਾਂ ਇਸ 'ਤੇ ਨਿਰਭਰ ਰਹਿੰਦਾ ਹੈ। ਰੇਡੀਅਲ ਕੈਰਾਟਾਟੋਮੀ ਨਾਲ ਇਨ੍ਹਾਂ ਦੋਵਾਂ ਰੋਗਾਂ ਦਾ ਇਲਾਜ ਕੀਤਾ ਜਾ ਸਕਦਾ ਹੈ ਅਤੇ ਐਨਕ ਅਤੇ ਲੈਨਜ਼ 'ਤੇ ਨਿਰਭਰ ਹੋਣ ਤੋਂ ਬ

ਸੰਪਾਦਕੀ

ਨਸ਼ਿਆਂ ਖ਼ਿਲਾਫ਼ ਹੋਕਾ

ਪੰਜਾਬ 'ਚ ਨਸ਼ਿਆਂ ਦੀ ਸਮੱਸਿਆ ਬਹੁਤ ਗੰਭੀਰ ਹੈ ਅਤੇ ਇਨ੍ਹਾਂ ਦੇ ਖਾਤਮੇ ਵਾਸਤੇ ਕੀਤੇ ਜਾਣ ਵਾਲੇ ਹਰ ਯਤਨ ਦੀ ਸ਼ਲਾਘਾ ਕੀਤੀ ਜਾਣੀ ਬਣਦੀ ਹੈ। ਇਹ ਗੱਲ ਵੀ ਪ੍ਰਸ਼ੰਸਾਯੋਗ ਹੈ ਕਿ ਪੰਜਾਬ ਦੇ ਉੱਘੇ ਅਦਾਕਾਰਾਂ ਅਤੇ ਗਾਇਕਾਂ ਤੋਂ ਲੈ ਕੇ ਖਿਡਾਰੀਆਂ ਤੱਕ ਸਾਰਿਆਂ ਵੱਲੋਂ ਸੂਬੇ ਦੇ ਲੋਕਾਂ ਨੂੰ ਨਸ਼ੇ ਛੱਡਣ ਅਤੇ ਪੰਜਾਬ ਦੀ ਨੌਜਵਾਨ ਪੀੜ੍ਹੀ ਨੂੰ ਸਿਹਤਮੰਦ ਬਣਨ ਲਈ ਪ੍ਰੇਰਿਆ ਜਾ ਰਿਹਾ ਹੈ। ਨਸ਼ਿਆਂ ਖ਼ਿਲਾਫ਼ ਪੁਲੀਸ ਵੱਲੋਂ ਲਗਾਤਾਰ ਕੀਤੀ ਜਾ ਰਹੀ ਕਾਰਵਾਈ ਦੌਰਾਨ ਇਨ੍ਹਾਂ ਉੱਘੀਆਂ ਹਸਤੀਆਂ ਵੱਲੋਂ ਕੀਤੀ ਅਪੀਲ ਤੋਂ ਉਮੀਦ ਬੱਝਦੀ ਹੈ ਕਿ ਇਹ ਇਸ ਬੁਰਾਈ ਖ਼ਿਲਾਫ਼ ਲੜਾਈ ਨੂੰ ਹੁਲਾਰਾ ਦੇਵੇਗੀ ਜੋ ਪਿਛਲੇ ਤਕਰੀਬਨ ਦੋ ਦਹਾਕਿਆਂ ਜਾਂ ਇਸ ਤੋਂ ਵੱਧ ਸਮੇਂ ਤੋਂ ਮਨੁੱਖੀ ਜਾਨਾਂ ਨਿਗਲ ਰਹੀ ਹੈ। ਭਾਰਤੀ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਅਤੇ ਕ੍ਰਿਕਟਰਾਂ ਹਰਮਨਪ੍ਰੀਤ ਕੌਰ ਅਤੇ ਅਰਸ਼ਦੀਪ ਸਿੰਘ ਦਾ 'ਨਸ਼ਾ ਮੁਕਤ ਪੰਜਾਬ' ਮੁਹਿੰਮ ਨੂੰ ਯੋਗਦਾਨ ਦੇਣਾ ਖਾਸਾ ਅਹਿਮੀਅਤ ਰੱਖਦਾ ਹੈ। ਖੇਡਾਂ ਵਿੱਚ ਸਫ਼ਲਤਾ ਹਾਸਿਲ ਕਰਨ ਲਈ ਸਰੀਰਕ ਤੰਦਰੁਸਤੀ ਜ਼ਰੂਰੀ ਹੈ। ਪੰਜਾਬ ਦੇ ਚੌਂਪੀਅਨ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਖੇਡਾਂ ਨੂੰ ਸ਼ੌਕ ਜਾਂ ਕਰੀਅਰ ਵਜੋਂ ਅਪਣਾਉਣ ਲਈ ਪ੍ਰੇਰ ਸਕਦੇ ਹਨ।

ਜਿੱਥੋਂ ਤੱਕ ਪੰਜਾਬੀ ਕਲਾਕਾਰਾਂ ਦਾ ਸਬੰਧ ਹੈ ਤਾਂ ਉਨ੍ਹਾਂ ਨੂੰ ਅਜਿਹੇ ਗਾਇਕਾਂ, ਅਦਾਕਾਰਾਂ ਤੇ ਫਿਲਮਸਾਜ਼ਾਂ ਦੀ ਖੁੱਲ੍ਹ ਕੇ ਨਿੰਦਾ ਕਰਨੀ ਚਾਹੀਦੀ ਹੈ ਜੋ ਹਿੰਸਾ ਅਤੇ ਸ਼ਰਾਬ ਦੀ ਵਰਤੋਂ ਨੂੰ ਸ਼ਹਿ ਦਿੰਦੇ ਹਨ। ਜਿਹੜੇ ਕਲਾਕਾਰ ਆਪਣੀ ਕਲਾ ਰਾਹੀਂ ਹਥਿਆਰਾਂ ਅਤੇ ਨਸ਼ਿਆਂ ਦੀ ਵਰਤੋਂ ਨੂੰ ਥਾਪੜਾ ਦਿੰਦੇ ਹਨ ਉਨ੍ਹਾਂ ਦੀ ਵੀ ਨਿੰਦਾ ਕੀਤੀ ਜਾਣੀ ਚਾਹੀਦੀ ਹੈ। ਇਸ ਸੁਧਾਰ ਦੀ ਸ਼ੁਰੂਆਤ ਪੰਜਾਬੀ ਫਿਲਮਾਂ ਅਤੇ ਸੰਗੀਤ ਸਨਅਤ ਤੋਂ ਹੋਣੀ ਚਾਹੀਦੀ ਹੈ।

ਹਿੰਦੀ ਫਿਲਮ 'ਉੜਤਾ ਪੰਜਾਬ' (2016) ਨੇ ਇਸ ਸਰਹੱਦੀ ਸੂਬੇ 'ਚ ਨਸ਼ਿਆਂ ਦੀ ਸਮੱਸਿਆ ਵੱਲ ਪੂਰੇ ਦੇਸ਼ ਦਾ ਧਿਆਨ ਖਿੱਚਿਆ ਹੈ। ਉਦੋਂ ਤਤਕਾਲੀ ਸੂਬਾਈ ਸਰਕਾਰ ਨੇ ਦਾਅਵਾ ਕੀਤਾ ਸੀ ਕਿ ਫਿਲਮ 'ਚ ਜਾਣਬੁੱਝ ਕੇ ਪੰਜਾਬ ਦਾ ਮਾੜਾ ਤੇ ਗੁੰਮਰਾਹਕੁਨ ਅਕਸ ਪੇਸ਼ ਕੀਤਾ ਗਿਆ ਹੈ ਪਰ ਕਈ ਹੋਰਾਂ ਨੂੰ ਲੱਗਦਾ ਸੀ ਕਿ ਇਹ ਜ਼ਮੀਨੀ ਹਕੀਕਤ ਦੇ ਕਾਫ਼ੀ ਨੇੜੇ ਦੀ ਝਲਕ ਪੇਸ਼ ਕਰਦੀ ਸੀ। ਉਸ ਤੋਂ ਅੱਠ ਸਾਲ ਬਾਅਦ ਹੁਣ ਵੀ ਕਿਸਾਨਾਂ ਅਤੇ ਜਵਾਨਾਂ ਦੀ ਇਹ ਧਰਤੀ ਨਸ਼ਿਆਂ ਦਾ ਦਾਗ਼ ਧੋਣ ਅਤੇ ਇਨ੍ਹਾਂ ਦੇ ਖ਼ਾਤਮੇ ਲਈ ਸੰਘਰਸ਼ ਕਰ ਰਹੀ ਹੈ। ਕਲਾਕਾਰਾਂ ਅਤੇ ਖੇਡ ਖਿਡਾਰੀਆਂ ਦੇ ਸਮਰਥਨ ਤੋਂ ਇਲਾਵਾ ਪੰਜਾਬ ਨੂੰ ਨਸ਼ਿਆਂ ਦੇ ਖਾਤਮੇ ਲਈ ਕੇਂਦਰੀ ਮਦਦ ਦੀ ਵੀ ਲੋੜ ਹੈ। ਇਸ ਦਿਸ਼ਾ ਵੱਲ ਅੱਗੇ ਵਧਦਿਆਂ ਸਰਹੱਦ ਪਾਰੋਂ ਨਸ਼ਿਆਂ ਦੀ ਸਪਲਾਈ ਚੇਨ ਤੋੜਨੀ ਜ਼ਰੂਰੀ ਹੈ। ਨਸ਼ਿਆਂ ਦੇ ਖਾਤਮੇ ਲਈ ਬਹੁਪੱਖੀ ਨੀਤੀ ਹੋਵੇ ਅਤੇ ਇਸ ਮੰਤਵ ਲਈ ਲੋਕਾਂ ਤੋਂ ਵੀ ਸਹਿਯੋਗ ਲਿਆ ਜਾਵੇ।

ਡਾਕਟਰਾਂ ਦੀ ਹੜਤਾਲ

ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ 'ਚ ਜਬਰ-ਜਨਾਹ ਅਤੇ ਹੱਤਿਆ ਦੀ ਘਿਣਾਉਣੀ ਘਟਨਾ ਤੋਂ ਬਾਅਦ ਡਾਕਟਰਾਂ ਵੱਲੋਂ ਕੀਤੀ ਗਈ ਹੜਤਾਲ ਨੇ ਸਾਡੇ ਸਿਹਤ-ਸੰਭਾਲ ਢਾਂਚੇ ਅੰਦਰਲੇ ਡੂੰਘੇ ਮਸਲਿਆਂ ਨੂੰ ਉਭਾਰਿਆ ਹੈ। ਭਾਵੇਂ ਇਨਸਾਫ਼ ਦੀ ਮੰਗ ਵਾਜਬ ਹੈ ਤੇ ਡਾਕਟਰਾਂ ਦੀ ਨਾਰਾਜ਼ਗੀ ਵੀ ਸਮਝ ਆਉਂਦੀ ਹੈ, ਪਰ ਇਸ ਹੜਤਾਲ ਦੇ ਮਰੀਜ਼ਾਂ, ਖ਼ਾਸ ਕਰਕੇ ਗ਼ਰੀਬਾਂ ਉੱਤੇ ਪਏ ਅਸਰ ਬਹੁਤ ਚਿੰਤਾਜਨਕ ਹਨ। ਸਾਡੇ ਦੇਸ਼ ਦਾ ਸਿਹਤ ਸੰਭਾਲ ਤੰਤਰ ਪਹਿਲਾਂ ਹੀ ਨਾਕਾਫ਼ੀ ਸਹੂਲਤਾਂ ਤੇ ਲੋੜੋਂ ਵੱਧ ਕੰਮ ਦੇ ਬੋਝ ਨਾਲ ਜੂਝ ਰਿਹਾ ਹੈ। ਅਜਿਹੇ ਵਿੱਚ ਕਮਜ਼ੋਰ ਵਰਗਾਂ ਦੇ ਮਰੀਜ਼ ਇਸ ਰੋਸ ਪ੍ਰਦਰਸ਼ਨ ਦੀ ਮਾਰ ਝੱਲ ਰਹੇ ਹਨ, ਜੋ ਨਾ ਤਾਂ ਵਾਜਬ ਹੈ ਤੇ ਨਾ ਹੀ ਮਨੁੱਖੀ।

ਸੁਰੱਖਿਆ ਤੇ ਸਲਾਮਤੀ ਬਾਰੇ ਮੈਡੀਕਲ ਬਿਰਾਦਰੀ ਦੀ ਮੰਗ ਗੰਭੀਰ ਹੈ ਤੇ ਇਸ ਨੂੰ ਖਾਰਜ ਨਹੀਂ ਕੀਤਾ ਜਾ ਸਕਦਾ। ਡਾਕਟਰਾਂ ਦਾ ਉਨ੍ਹਾਂ ਖ਼ਤਰਿਆਂ ਬਾਰੇ ਫ਼ਿਕਰ ਕਰਨਾ ਬਿਲਕੁਲ ਵਾਜਬ ਹੈ, ਜਿਨ੍ਹਾਂ ਦਾ ਉਹ ਆਪਣਾ ਕੰਮ ਕਰਦਿਆਂ ਸਾਹਮਣਾ ਕਰਦੇ ਹਨ। ਹਾਲਾਂਕਿ ਉਹ ਮਰੀਜ਼ਾਂ ਦੀ ਸਾਂਭ-ਸੰਭਾਲ ਨਾਲ ਸਮਝੌਤਾ ਕੀਤੇ ਬਿਨਾਂ ਹੋਰਨਾਂ ਸੰਤੁਲਿਤ ਢੰਗ-ਤਰੀਕਿਆਂ ਨਾਲ ਵੀ ਆਪਣੀਆਂ ਇਨ੍ਹਾਂ ਸ਼ਿਕਾਇਤਾਂ ਨੂੰ ਜ਼ਾਹਿਰ ਕਰ ਸਕਦੇ ਹਨ। ਕਾਲੀਆਂ ਪੱਟੀਆਂ ਬੰਨ੍ਹਣਾ ਜਾਂ ਰੋਟੇਸ਼ਨਲ ਹੜਤਾਲ ਕਰਨਾ ਵੀ ਇੱਕ ਅਸਰਦਾਰ ਬਦਲ ਹੋ ਸਕਦਾ ਹੈ ਜਿਸ ਨਾਲ ਡਾਕਟਰ ਜ਼ਰੂਰੀ ਸੇਵਾਵਾਂ ਲਈ ਮੌਜੂਦ ਰਹਿਣ ਦੇ ਨਾਲ-ਨਾਲ ਆਪਣੀਆਂ ਮੁਸ਼ਕਿਲਾਂ ਖਿਲਾਫ਼ ਵੀ ਆਵਾਜ਼ ਬੁਲੰਦ ਕਰ ਸਕਦੇ ਹਨ। ਮੱਧ ਪ੍ਰਦੇਸ਼ ਹਾਈਕੋਰਟ ਨੇ ਇਸ ਤੋਂ ਪਹਿਲਾਂ ਹੜਤਾਲਾਂ ਦੌਰਾਨ ਸਿਹਤ ਸੰਭਾਲ ਸੇਵਾਵਾਂ ਕਾਇਮ ਰੱਖਣ ਦੀ ਅਹਿਮੀਅਤ ਉੱਤੇ ਜ਼ੋਰ ਦਿੱਤਾ ਸੀ। ਅਦਾਲਤ ਨੇ ਮੈਡੀਕਲ ਪੇਸ਼ੇਵਰਾਂ ਦੀ ਆਪਣੇ ਮਰੀਜ਼ਾਂ ਪ੍ਰਤੀ ਕਾਨੂੰਨੀ ਤੇ ਨੈਤਿਕ ਜ਼ਿੰਮੇਵਾਰੀ ਦੀ ਗੱਲ ਵੀ ਕੀਤੀ ਸੀ।

ਸਰਕਾਰ ਨੂੰ ਵੀ ਫੌਰੀ ਕਾਰਵਾਈ ਕਰਨੀ ਚਾਹੀਦੀ ਹੈ। ਇਸ ਨੂੰ ਚਾਹੀਦਾ ਹੈ ਕਿ ਡਾਕਟਰਾਂ ਦੀ ਸੁਰੱਖਿਆ ਤੇ ਹਿਫ਼ਾਜ਼ਤ ਯਕੀਨੀ ਬਣਾ ਕੇ ਉਨ੍ਹਾਂ ਨੂੰ ਸੰਤੁਸ਼ਟ ਕੀਤਾ ਜਾਵੇ। ਸਰਕਾਰ ਨੂੰ ਮੈਡੀਕਲ ਸੰਸਥਾਵਾਂ ਵਿੱਚ ਇਹ ਸਭ ਯਕੀਨੀ ਬਣਾਉਣ ਲਈ ਢੁੱਕਵੀਂ ਫੰਡਿੰਗ ਦੇਣੀ ਪਵੇਗੀ ਤੇ ਬੁਨਿਆਦੀ ਢਾਂਚੇ ਵਿੱਚ ਸੁਧਾਰ ਕਰਨਾ ਪਵੇਗਾ। ਸੁਧਾਰ ਲਈ ਸੰਸਥਾਵਾਂ ਵਿੱਚ ਹੋਰ ਸੀਸੀਟੀਵੀ ਕੈਮਰਿਆਂ ਤੇ ਸੁਰੱਖਿਆ ਕਰਮੀਆਂ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ। ਇੱਕ ਅਜਿਹੇ ਮੁਲਕ ਵਿੱਚ ਜਿੱਥੇ ਸਿਹਤ-ਸੰਭਾਲ ਸਹੂਲਤਾਂ ਤੱਕ ਪਹੁੰਚ ਪਹਿਲਾਂ ਹੀ ਚੁਣੌਤੀਪੂਰਨ ਹੈ, ਉੱਥੇ ਹੜਤਾਲਾਂ ਉਨ੍ਹਾਂ ਲੋਕਾਂ ਦੇ ਕਸ਼ਟਾਂ ਵਿੱਚ ਸਿਰਫ਼ ਵਾਧਾ ਹੀ ਕਰਦੀਆਂ ਹਨ ਜੋ ਜ਼ਿਆਦਾ ਖ਼ਰਚ ਕਰਨ ਦੇ ਸਮਰੱਥ ਨਹੀਂ ਹਨ। ਸਿਹਤ-ਸੰਭਾਲ ਸੇਵਾਵਾਂ ਵਿੱਚ ਸੁਧਾਰ ਲਈ ਰਾਜਨੀਤਕ ਇੱਛਾ ਸ਼ਕਤੀ ਦੀ ਘਾਟ ਸਾਫ਼ ਨਜ਼ਰ ਆਉਂਦੀ ਹੈ ਅਤੇ ਇਸ ਦਾ ਖ਼ਮਿਆਜ਼ਾ ਮਰੀਜ਼ਾਂ ਨੂੰ ਭੁਗਤਣਾ ਪੈ ਰਿਹਾ ਹੈ। ਇਸ ਸੰਕਟ ਨੂੰ ਦੂਰ ਕਰਨ ਲਈ ਸਰਕਾਰ ਨੂੰ ਤੇਜ਼ੀ ਨਾਲ ਕਦਮ ਚੁੱਕਣ ਦੀ ਲੋੜ ਹੈ ਤਾਂ ਕਿ ਜਲਦੀ ਇਨਸਾਫ਼ ਹੋ ਸਕੇ ਤੇ ਸਮਾਜ ਦੇ ਸਭ ਤੋਂ ਕਮਜ਼ੋਰ ਵਰਗਾਂ ਨੂੰ ਹੋਰ ਨੁਕਸਾਨ ਨਾ ਸਹਿਣਾ ਪਵੇ। ਸਿਹਤ ਸੇਵਾਵਾਂ ਦੇ ਬੁਨਿਆਦੀ ਹੱਕ ਦਾ ਡਾਕਟਰਾਂ ਦੀਆਂ ਵਾਜਬ ਚਿੰਤਾਵਾਂ ਦੇ ਨਾਲ ਸੰਤੁਲਨ ਕਾਇਮ ਕਰਨਾ ਸਿਰਫ਼ ਇੱਕ ਲੋੜ ਹੀ ਨਹੀਂ ਬਲਕਿ ਨੈਤਿਕ ਜ਼ਰੂਰਤ ਵੀ ਹੈ।

ਵੋਟਰ ਸੂਚੀ ਨੂੰ ਅੱਪਡੇਟ ਕਰਨ ਲਈ 22 ਅਗਸਤ ਤੱਕ ਚਲਾਈ ਜਾਵੇਗੀ ਵਿਸ਼ੇਸ਼ ਮੁਹਿੰਮ: ਡਿਪਟੀ ਕਮਿਸ਼ਨਰ

ਫਰੀਦਕੋਟ,20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸ੍ਰੀ ਰਾਜੇਸ਼ ਤ੍ਰਿਪਾਠੀ ਡਿਪਟੀ ਕਮਿਸ਼ਨਰ ਕਮ ਜਿ?ਲ੍ਹਾ ਚੋਣ ਅਫਸਰ ਸ੍ਰੀ ਮੁਕਤਸਰ ਸਾਹਿਬ ਨੇ ਜਾਣਕਾਰੀ ਦਿੰਦਿਆ ਦੱਸਿਆ ਕਿ ਰਾਜ ਚੋਣ ਕਮਿਸ਼ਨ ਪੰਜਾਬ ਵੱਲੋਂ ਰਾਜ ਵਿੱਚ ਹੋਣ ਵਾਲੀਆਂ ਗਰਾਮ ਪੰਚਾਇਤਾਂ ਦੀਆਂ ਆਮ ਚੋਣਾਂ ਦੀਆਂ ਤਿਆਰੀਆਂ ਲਈ ਢੁਕਵੇਂ ਪ੍ਰਬੰਧ ਕੀਤੇ ਜਾ ਰਹੇ ਹਨ।

ਉਹਨਾਂ ਅੱਗੇ ਦੱਸਿਆ ਕਿ ਗਰਾਮ ਪੰਚਾਇਤ ਚੋਣਾਂ ਦੀਆਂ ਵੋਟਰ ਸੂਚੀਆਂ ਦੀ ਯੋਗਤਾ ਮਿਤੀ 01.01.2023 ਦੇ ਆਧਾਰ ਤੇ ਮਿਤੀ 07.01.2024 ਨੂੰ ਅੰਤਿਮ ਪਰਕਾਸ਼ਨਾ ਕਰਵਾਈ ਜਾ ਚੁੱਕੀ ਹੈ।

ਵੋਟਰ ਸੂਚੀਆਂ ਦੀ ਪਵਿੱਤਰਤਾ ਨੂੰ ਬਰਕਰਾਰ ਰੱਖਦੇ ਹੋਏ ਇਹ ਯਕੀਨੀ ਬਨਾਉਣ ਕਿ ਸਾਰੇ ਯੋਗ ਵੋਟਰ, ਜਿਹਨਾਂ ਦਾ ਨਾਮ ਵੋਟਰ ਸੂਚੀਆਂ ਵਿੱਚ ਦਰਜ ਨਹੀ ਹੋਇਆ ਹੈ, ਲਈ ਜਿਲ੍ਹੇ ਦੇ ਸਮੂਹ ਚੋਣਕਾਰ ਰਜਿਸਟਰੇਸ਼ਨ ਅਫਸਰਾਂ ਨੂੰ ਹਦਾਇਤ ਕਰ ਕੀਤੀ ਗਈ ਹੈ ਕਿ ਉਹ ਹਰ ਕੰਮ—ਕਾਜ ਵਾਲੇ ਦਿਨ ਆਮ ਜਨਤਾ ਤੋਂ ਫਾਰਮ ਨੰਬਰ ।, ॥ ਅਤੇ ॥।, ਕਰਮਵਾਰ ਵੋਟਾਂ ਬਣਾਉਣ, ਕੱਟਣ ਅਤੇ ਵੋਟਾਂ ਵਿੱਚ ਸੋਧ ਕਰਨ ਲਈ, ਇਤਰਾਜ਼ ਪਰਾਪਤ ਕਰਨ 20 ਅਗਸਤ (ਮੰਗਲਵਾਰ), 21 ਅਗਸਤ (ਬੁੱਧਵਾਰ) ਅਤੇ 23 ਅਗਸਤ (ਵੀਰਵਾਰ) ਨੂੰ ਪੰਚਾਇਤੀ ਚੋਣਾਂ ਵਿੱਚ ਵਰਤੀ ਜਾਣ ਵਾਲੀ ਵੋਟਰ ਸੂਚੀ ਨੂੰ ਅਪਡੇਟ ਕਰਨ ਲਈ ਵਿਸ਼ੇਸ਼ ਮੁਹਿੰਮ ਚਲਾਈ ਜਾਵੇਗੀ।

ਉਹਨਾਂ ਦੱਸਿਆ ਕਿ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨਾਲ ਸਬੰਧਤ ਗਰਾਮ ਪੰਚਾਇਤਾਂ ਦੀ ਹਦੂਦ ਅੰਦਰ ਪੈਂਦੀ ਆਮ ਜਨਤਾ ਨੂੰ ਸੂਚਿਤ ਕੀਤਾ ਹੈ ਕਿ ਉਹ ਫਾਰਮ ਨੰਬਰ । ਵੋਟਾਂ ਬਣਾਉਣ ਲਈ, ਫਾਰਮ ਨੰਬਰ ॥ ਕਿਸੇ ਇਤਰਾਜ਼/ਵੋਟ ਕੱਟਣ ਲਈ ਅਤੇ ਫਾਰਮ ਨੰਬਰ ॥। ਦਿੱਤੇ ਗਏ ਪਾਰਟੀਕੁਲਰ ਦੇ ਇੰਦਰਾਜ ਵਿੱਚ ਸੋਧ (ਪਤੇ ਵਿੱਚ ਤਬਦੀਲੀ ਜਾਂ ਕੋਈ ਹੋਰ ਸੋਧ) ਲਈ ਵਰਤੋਂ ਵਿੱਚ ਲਿਆ ਸਕਦੇ ਹਨ। ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਕਿ ਇਹ ਫਾਰਮ ਜਿ?ਲ੍ਹੇ ਦੇ ਚੋਣਕਾਰ ਰਜਿਸਟਰੇਸ਼ਨ ਅਫਸਰਾਂ (ਐਸ.ਡੀ.ਐਮ.ਜ) ਦੇ ਦਫਤਰਾਂ ਵਿਖੇ ਉਪਲੱਬਧ ਹਨ ਜਾਂ ਇਨ੍ਹਾਂ ਨੂੰ ਪੰਚਾਇਤੀ ਚੋਣਾਂ ਸਟੈਚੂਅਰੀ ਫਾਰਮਜ ਅਧੀਨ ਕਮਿਸ਼ਨ ਦੀ ਵੈਬ ਸਾਈਟ sec.punjab.gov.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ।

ਤ੍ਰਿਣਮੂਲ ਕਾਂਗਰਸ ਦੀਆਂ 'ਲਾਪਤਾ ਲੇਡੀਜ਼'

ਜਯੋਤੀ ਮਲਹੋਤਰਾ

ਤ੍ਰਿਣਮੂਲ ਕਾਂਗਰਸ ਦੀਆਂ 'ਲਾਪਤਾ ਲੇਡੀਜ਼' (ਇਸੇ ਨਾਂ ਦੀ ਇਕ ਹਿੰਦੀ ਫ਼ਿਲਮ ਦਾ ਵਿਅੰਗਾਤਮਕ ਹਵਾਲਾ), ਆਖਰਕਾਰ ਸ਼ੁੱਕਰਵਾਰ ਨੂੰ ਕੋਲਕਾਤਾ ਵਿਚ ਆਪਣੀ ਨੇਤਾ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਦੀ ਅਗਵਾਈ 'ਚ ਕੀਤੇ ਇਕ ਰੋਸ ਮਾਰਚ ਵਿਚ ਨਜ਼ਰ ਆਈਆਂ, ਜੋ ਉਸ ਮਹਿਲਾ ਡਾਕਟਰ ਦੀ ਹਮਾਇਤ 'ਚ ਕੀਤਾ ਗਿਆ ਜਿਸ ਦਾ ਸ਼ਹਿਰ ਦੇ ਹੀ ਇਕ ਸਰਕਾਰੀ ਹਸਪਤਾਲ ਵਿਚ ਪੂਰੇ ਦਸ ਦਿਨ ਪਹਿਲਾਂ ਜਬਰ-ਜਨਾਹ ਕਰ ਕੇ ਬੇਰਹਿਮੀ ਨਾਲ ਕਤਲ ਕਰ ਦਿੱਤਾ ਗਿਆ ਸੀ।

ਮਹੂਆ ਮੋਇਤਰਾ, ਸਾਓਨੀ ਘੋਸ਼, ਡੋਲਾ ਸੇਨ, ਸ਼ਤਾਬਦੀ ਰੌਏ, ਸ਼ਰਮੀਲਾ ਸਰਕਾਰ, ਕਾਕੋਲੀ ਘੋਸ਼ ਦਸਤੀਦਾਰ, ਜੂਨ ਮਾਲੀਆ—- ਸਾਰੀਆਂ ਸੰਸਦ ਮੈਂਬਰਾਂ—- ਅਤੇ ਮੰਤਰੀ ਸ਼ਸ਼ੀ ਪਾਂਜਾ, ਉਨ੍ਹਾਂ ਪਾਰਟੀ ਆਗੂਆਂ 'ਚ ਸ਼ਾਮਲ ਸਨ ਜੋ ਕੋਲਕਾਤਾ ਦੀ ਮੌਲਾਲੀ ਤੋਂ ਡੋਰਿਨਾ ਕਰਾਸਿੰਗ ਤੱਕ ਮਮਤਾ ਦੇ ਆਲੇ-ਦੁਆਲੇ ਪੈਦਲ ਚੱਲੇ, ਅਤੇ ਉਸ ਬਿਰਤਾਂਤ ਨੂੰ ਫਿੱਕਾ ਪਾਉਣ ਦੀ ਕੋਸ਼ਿਸ਼ ਕੀਤੀ ਕਿ ਵਰਤਮਾਨ ਸਮਿਆਂ 'ਚ ਭਾਰਤ ਦੀ ਇਕੋ-ਇਕ ਮਹਿਲਾ ਮੁੱਖ ਮੰਤਰੀ ਪਿਛਲੇ ਇਕ ਹਫ਼ਤੇ ਤੋਂ ਲਗਭਗ ਗੁਆਚ ਹੀ ਗਈ ਹੈ।

ਕਈ ਸਾਲਾਂ ਬਾਅਦ ਪਹਿਲੀ ਵਾਰ ਦੀਦੀ ਦਾ ਘਾਟਾ ਹੁੰਦਾ ਜਾਪ ਰਿਹਾ ਹੈ। ਉਹ ਜਾਣਦੀ ਹੈ ਕਿ ਉਹ ਡਗਮਗਾ ਰਹੀ ਹੈ। ਉਸ ਦੀਆਂ 11 ਮਹਿਲਾਂ ਸੰਸਦ ਮੈਂਬਰਾਂ, ਜਿਨ੍ਹਾਂ 'ਚੋਂ ਕਈ ਤਾਂ ਸੋਸ਼ਲ ਮੀਡੀਆ ਉਤੇ ਸਟਾਰ ਹਨ, ਚੰਗੀ ਤਰ੍ਹਾਂ ਜਾਣਦੀਆਂ ਹਨ ਕਿ ਜਦ ਉਨ੍ਹਾਂ ਭਿਆਨਕ ਕਤਲ ਕਾਂਡ ਤੋਂ ਬਾਅਦ ਦੀਆਂ ਬੇਹੱਦ ਮਹੱਤਵਪੂਰਨ ਘੜੀਆਂ ਅਤੇ ਦਿਨਾਂ ਦੌਰਾਨ ਪੀੜਤਾ ਦੇ ਹੱਕ 'ਚ ਬੋਲਣ ਤੋਂ ਪਾਸਾ ਵੱਟੀ ਰੱਖਿਆ, ਸਾਬਕਾ ਪੱਤਰਕਾਰ ਸਾਗਰਿਕਾ ਘੋਸ਼ ਨੂੰ ਛੱਡ ਕੇ—- ਉਸ ਸਮੇਂ ਉਨ੍ਹਾਂ ਤ੍ਰਿਣਮੂਲ ਵਾਲੇ ਪਾਸਿਓਂ ਜਾਣਕਾਰੀ ਦਾ ਇਕ ਖੱਪਾ ਬਣਨ ਦਿੱਤਾ, ਜਿਸ ਨੂੰ ਵਿਰੋਧੀ ਧਿਰ ਭਾਜਪਾ ਨੇ ਬਿਲਕੁਲ ਸਹੀ ਸਮੇਂ 'ਤੇ ਆ ਕੇ ਭਰ ਲਿਆ।

ਇਹ ਸਿਆਣੀਆਂ ਮਹਿਲਾਵਾਂ, ਜੋ ਕਿ ਸੰਸਦ ਤੇ ਕੋਲਕਾਤਾ ਵਿਚ ਭਾਜਪਾ ਲਈ ਬਿਪਤਾ ਵਾਂਗ ਹਨ, ਜਾਣਦੀਆਂ ਹਨ ਕਿ ਜਦ ਉਨ੍ਹਾਂ ਬਿਹਤਰ ਨਿਤਾਰੇ ਖਾਤਰ ਮੂੰਹ ਬੰਦ ਕਰ ਲਿਆ—- ਸ਼ਾਇਦ, ਉਹ ਕੋਲਕਾਤਾ ਪੁਲੀਸ ਦੀ ਜਾਂਚ ਉਡੀਕ ਰਹੀਆਂ ਸਨ, ਜਾਂ ਸ਼ਾਇਦ ਆਪਣੀ ਨੇਤਾ ਦਾ ਬਿਆਨ ਉਡੀਕ ਰਹੀਆਂ ਸਨ ਕਿ ਦੀਦੀ ਦਾ ਪਹਿਲਾਂ ਇਸ ਵਿਸ਼ੇ ਉਤੇ ਕੀ ਕਹਿਣਾ ਹੈ—- ਉਨ੍ਹਾਂ ਕੁਝ ਜ਼ਿਆਦਾ ਹੀ ਲੰਮਾ ਇੰਤਜ਼ਾਰ ਕਰ ਲਿਆ। ਕਿ, ਘੱਟੋ-ਘੱਟ ਕੁਝ ਸਮੇਂ ਲਈ ਤਾਂ, ਭਰੋਸੇ ਦੀ ਉਹ ਭਾਵਨਾ, ਜੋ ਸਿਆਸਤਦਾਨ ਨਿਰੰਤਰ ਉਨ੍ਹਾਂ ਪੁਰਸ਼ਾਂ ਤੇ ਔਰਤਾਂ ਦੇ ਮਨਾਂ 'ਚ ਬਣਾਏ ਰੱਖਣ ਲਈ ਸੰਘਰਸ਼ ਕਰਦੇ ਹਨ, ਜਿਨ੍ਹਾਂ ਦੀ ਉਹ ਅਗਵਾਈ ਕਰਦੇ ਹਨ, ਡਗਮਗਾਉਂਦੀ ਜਾਪੀ। ਕਰੀਬ ਦਹਾਕੇ ਬਾਅਦ ਪਹਿਲੀ ਵਾਰ, ਸ਼ੱਕ ਦਾ ਇਕ ਤੱਤ ਰੀਂਘ ਕੇ ਅੰਦਰ ਵੜਦਾ ਜਾਪਿਆ। ਸਾਡੇ ਕੋਲ ਜਿਹੜੀ ਜਾਣਕਾਰੀ ਹੈ, ਉਸ ਮੁਤਾਬਕ ਪੀੜਤਾ ਦਾ ਜਬਰ-ਜਨਾਹ ਤੇ ਹੱਤਿਆ 9 ਅਗਸਤ ਨੂੰ ਸੁਵਖ਼ਤੇ 3 ਤੋਂ ਪੰਜ ਵਜੇ ਦੇ ਵਿਚਾਲੇ ਹੋਏ ਜਦ ਹਸਪਤਾਲ 'ਚ ਲਗਾਤਾਰ 36 ਘੰਟੇ ਕੰਮ ਕਰਨ ਤੋਂ ਬਾਅਦ ਉਸ ਨੇ ਸੈਮੀਨਾਰ ਰੂਮ 'ਚ ਕੁਝ ਆਰਾਮ ਕਰਨ ਬਾਰੇ ਸੋਚਿਆ। ਪੋਸਟ-ਮਾਰਟਮ ਰਿਪੋਰਟ ਭਿਆਨਕ ਘਟਨਾ ਦੇ ਵੇਰਵੇ ਬਿਆਨਦੀ ਹੈ—- ਕਿ ਗਲ਼ ਘੁੱਟ ਕੇ ਹੱਤਿਆ ਕੀਤੀ ਗਈ (ਗਲ਼ ਘੁੱਟਣ ਨਾਲ ਥਾਇਰਾਇਡ ਕਾਰਟੀਲੇਜ ਟੁੱਟ ਗਈ ਸੀ), ਕਿ ਉਸ ਦੇ ਗੁਪਤ ਅੰਗਾਂ 'ਤੇ ਗਹਿਰੇ ਜ਼ਖ਼ਮ ਸਨ ਜੋ ਜ਼ਾਹਿਰਾ ਤੌਰ 'ਤੇ 'ਦੁਰਾਚਾਰੀ ਕਾਮੁਕਤਾ' ਤੇ 'ਲਿੰਗਕ ਤਸ਼ੱਦਦ' ਦਾ ਸਿੱਟਾ ਸਨ। ਕਿ ਉਸ ਦੀਆਂ ਅੱਖਾਂ ਤੇ

ਜਿਵੇਂ ਵੋਟਾਂ ਮੰਗਣ ਆਏ ਸੀ, ਉਸੇ ਤਰ੍ਹਾਂ ਕੰਮ ਕਰਨ ਲਈ ਲੋਕਾਂ ਕੋਲ ਵੀ ਜਾਵਾਂਗੇ:ਡਾ. ਬਲਬੀਰ ਸਿੰਘ

➢ ਪਿੰਡ ਵਾਸੀਆਂ ਦੀ ਵਿਕਾਸ ਕੰਮਾਂ ਦੀ ਹਰੇਕ ਮੰਗ 'ਤੇ ਕੰਮ ਹੋਵੇਗਾ ➢ ਕੋਲਕਾਤਾ ਮੈਡੀਕਲ ਕਾਲਜ 'ਚ ਮੈਡੀਕਲ ਵਿਦਿਆਰਥਣ ਨਾਲ ਦਰਿੰਦਗੀ ਦੀ ਨਿਖੇਧੀ, ਪੰਜਾਬ ਦੇ ਡਾਕਟਰਾਂ ਨਾਲ ਮੀਟਿੰਗ ਸੱਦੀ

ਪਟਿਆਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਸ਼ੁਰੂ ਕੀਤੇ ਪ੍ਰੋਗਰਾਮ 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਤਹਿਤ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ 'ਚ ਲੋਕਾਂ ਨਾਲ ਮੁਲਾਕਾਤ ਕੀਤੀ।

ਉਨ੍ਹਾਂ ਦੇ ਨਾਲ ਲੋਕਾਂ ਦੀਆਂ ਮੁਸ਼ਕਿਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਐਸ.ਡੀ.ਐਮ. ਨਾਭਾ ਤਰਸੇਮ ਚੰਦ, ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਸਨ।

ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਕਿ ਉਹ ਜਿੱਥੇ ਸਾਰੇ ਪੰਜਾਬ ਲਈ ਸਿਹਤ ਮੰਤਰੀ ਹਨ, ਉਥੇ ਪਟਿਆਲਾ ਦਿਹਾਤੀ ਹਲਕੇ ਦੇ ਲੋਕਾਂ ਲਈ ਉਨ੍ਹਾਂ ਦੇ ਵਿਧਾਇਕ ਵੀ ਹਨ, ਇਸ ਲਈ

ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ. ਡਾ. ਹਰਜਿੰਦਰ ਸਿੰਘ ਬੇਦੀ ਤੇ ਐਸ.ਡੀ.ਐਮ. ਨਾਭਾ ਤਰਸੇਮ ਚੰਦ ਵੀ ਨਜ਼ਰ ਆ ਰਹੇ ਹਨ।

ਉਹ ਜਿਵੇਂ ਪਹਿਲਾਂ ਵੋਟਾਂ ਮੰਗਣ ਲੋਕਾਂ ਕੋਲ ਆਏ ਸਨ, ਉਸੇ ਤਰ੍ਹਾਂ ਲੋਕਾਂ ਦੇ ਕੰਮ ਕਰਨ ਲਈ ਲੋਕਾਂ ਕੋਲ ਵੀ ਜਾਣਗੇ। ਉਨ੍ਹਾਂ ਨੇ ਪਿੰਡ ਧਨੌਰੀ, ਧਨੌਰਾ, ਦੰਦਰਾਲਾ ਖਰੌੜ, ਦਿਆਲਗੜ੍ਹ, ਲੌਟ, ਨਵਾਂ ਫ਼ਤਿਹਪੁਰ, ਕਾਠਮੱਠੀ, ਲਚਕਾਣੀ ਤੇ ਰੌਂਗਲਾ ਪਿੰਡਾਂ ਦਾ ਦੌਰਾ ਕੀਤਾ।

ਲੋਕਾਂ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਨੇੜੇ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਪਿੰਡਾਂ ਵਿੱਚ ਡਿਸਪੈਂਸਰੀਆਂ ਨਹੀਂ ਹਨ, ਉਥੇ ਹਰੇਕ ਹਫ਼ਤੇ ਅਤਿਆਧੁਨਿਕ ਐਂਬੂਲੈਂਸ ਆਇਆ ਕਰੇਗੀ ਤੇ ਵਿਸ਼ੇਸ਼ ਕੈਂਪ ਲਗਾਕੇ ਲੋਕਾਂ ਦੀ ਸਿਹਤ ਦਾ ਜਾਂਚ ਕਰਕੇ ਦਵਾਈਆਂ ਦਿੱਤੀਆਂ ਜਾਣਗੀਆਂ।

ਸਿਹਤ ਮੰਤਰੀ ਨੇ ਅੱਗੇ ਕੋਲਕਾਤਾ ਵਿਖੇ ਸਾਡੀ ਧੀ ਡਾਕਟਰ ਨਾਲ ਵਾਪਰੀ ਦਰਿੰਦਗੀ ਭਰਪੂਰ ਦੁਰਘਟਨਾ ਕਰਕੇ ਦੇਸ਼ ਭਰ ਦੇ ਡਾਕਟਰ ਹੜਤਾਲ 'ਤੇ ਸਨ, ਇਸ ਵਿਰੁੱਧ ਅਸੀਂ ਸਾਰੇ ਇਕਜੁੱਟ ਹਾਂ, ਇਸੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀਆਂ ਹਦਾਇਤਾਂ 'ਤੇ ਪੰਜਾਬ ਦੇ ਸਾਰੇ ਡਾਕਟਰ ਦੀ ਜਥੇਬੰਦੀ ਆਈ.ਐਮ.ਏ., ਪੀ.ਸੀ.ਐਮ.ਐਸ. ਐਸੋਸੀਏਸ਼ਨ ਨਾਲ ਵੀ ਸੋਮਵਾਰ ਨੂੰ ਇੱਕ ਅਹਿਮ ਮੀਟਿੰਗ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਅਜਿਹੇ ਪ੍ਰਬੰਧ ਕਰੇਗੀ ਤਾਂ ਕਿ ਸਿਹਤ ਖੇਤਰ ਵਿੱਚ ਸੇਵਾ ਨਿਭਾ ਰਹੇ ਡਾਕਟਰਾਂ ਤੇ ਪੈਰਾਮੈਡੀਕਲ ਅਮਲੇ ਨਾਲ ਕੋਈ ਅਜਿਹੀ ਮੰਦਭਾਗੀ ਘਟਨਾ ਨਾ ਵਾਪਰੇ।

ਡਾ. ਬਲਬੀਰ ਸਿੰਘ ਨੇ ਦੱਸਿਆ ਪਿੰਡਾਂ ਦੇ ਲੋਕਾਂ ਵੱਲੋਂ ਕੀਤੀ ਗਈ ਮੰਗ ਦੇ ਮੁਤਾਬਕ ਉਹ ਆਪਣੇ ਹਲਕੇ ਦੇ ਇਨ੍ਹਾਂ ਪਿੰਡਾਂ ਵਿੱਚ ਹਰੇਕ ਵਿਕਾਸ ਕੰਮ ਕਰਵਾਉਣ ਲਈ ਵਚਨਬੱਧ ਹਨ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਫੰਡਾਂ ਦੀ ਕੋਈ ਕਮੀ ਨਹੀਂ ਹੈ।

ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਪਿੰਡਾਂ ਵਿੱਚ ਵੱਧ ਤੋਂ ਵੱਧ ਬੂਟੇ ਲਾਉਣ, ਸਮਸ਼ਾਨਘਾਟ ਇੱਕ ਬਣਾਉਣ ਅਤੇ ਪਿੰਡਾਂ ਵਿੱਚ ਸਾਫ਼-ਸਫ਼ਾਈ ਰੱਖਣ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਠੋਸ ਤੇ ਤਰਲ ਕੂੜੇ ਦੇ ਪ੍ਰਬੰਧਨ ਤੇ ਸਕੂਲਾਂ ਦੀ ਬਿਹਤਰੀ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਜਾਣਗੇ।

ਇਸ ਮੌਕੇ ਕਰਨਲ ਜੇ.ਵੀ. ਸਿੰਘ, ਐਡਵੋਕੇਟ ਰਾਹੁਣ ਸੈਣੀ, ਸੁਰੇਸ਼ ਰਾਏ, ਬੀ.ਡੀ.ਪੀ.ਓ. ਬਲਜੀਤ ਸਿੰਘ ਸੋਹੀ, ਜੈ ਸ਼ੰਕਰ ਸ਼ਰਮਾ, ਬਲਾਕ ਪ੍ਰਧਾਨ ਸੰਦੀਪ ਸਿੰਘ ਸਨੀ ਧਨੌਰਾ, ਮੋਹਿਤ ਕੁਮਾਰ, ਓਮ ਪ੍ਰਕਾਸ਼, ਹੇਮ ਰਾਜ, ਅਮਨ ਭੁੱਲਰ, ਜਸਵਿੰਦਰ ਸਿੰਘ ਡੀ.ਸੀ., ਜਗਦੀਪ ਸਿੰਘ ਧੰਗੇੜਾ ਅਤੇ ਪਤਵੰਤੇ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ ਪਿੰਡਾਂ ਦੇ ਵਸਨੀਕ ਮੌਜੂਦ ਸਨ।

ਗਰਾਮ ਪੰਚਾਇਤ ਚੋਣਾਂ: ਸਾਰੇ ਯੋਗ ਵੋਟਰਾਂ ਦਾ ਨਾਮ ਦਰਜ ਕਰਨ ਲਈ 20,21 ਤੇ 22 ਅਗਸਤ ਨੂੰ ਚੱਲੇਗੀ ਵਿਸ਼ੇਸ਼ ਮੁਹਿੰਮ: ਡਿਪਟੀ ਕਮਿਸ਼ਨਰ

ਪਟਿਆਲਾ, 20 ਅਗਸਤ
-ਅਮਰਜੀਤ ਸਿੰਘ ਲਾਂਬਾ-
-ਕੌਮੀ ਪੱਤ੍ਰਿਕਾ ਬਿਊਰੋ-

ਪਟਿਆਲਾ ਦੇ ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫਸਰ ਨੇ ਦੱਸਿਆ ਹੈ ਕਿ ਰਾਜ ਵਿੱਚ ਹੋਣ ਵਾਲੀਆਂ ਗਰਾਮ ਪੰਚਾਇਤ ਚੋਣਾਂ ਲਈ ਰਾਜ ਚੋਣ ਕਮਿਸ਼ਨ ਵਲੋਂ ਪ੍ਰਬੰਧ ਕੀਤੇ ਜਾ ਰਹੇ ਹਨ। ਰਾਜ ਚੋਣ ਕਮਿਸ਼ਨ, ਪੰਜਾਬ ਦੀਆਂ ਹਦਾਇਤਾਂ 'ਤੇ ਇਨ੍ਹਾਂ ਚੋਣਾਂ ਲਈ ਵੋਟਰ ਸੂਚੀਆਂ ਵਿੱਚ ਸਾਰੇ ਯੋਗ ਵੋਟਰਾਂ ਦਾ ਨਾਮ ਦਰਜ ਕਰਨ ਲਈ 20,21 ਤੇ 22 ਅਗਸਤ ਨੂੰ ਵਿਸ਼ੇਸ਼ ਮੁਹਿੰਮ ਚਲਾਈ ਜਾ ਰਹੀ ਹੈ।ਉਨ੍ਹਾਂ ਸਾਰੇ ਯੋਗ ਵੋਟਰਾਂ ਨੂੰ ਅਪੀਲ ਕੀਤੀ ਕਿ ਉਹ ਵੋਟਾਂ ਬਣਾਉਣ, ਵੋਟਾਂ ਕੱਟਣ ਤੇ ਵੋਟਾਂ 'ਚ ਕਿਸੇ ਸੋਧ ਸਬੰਧੀ ਇਤਰਾਜ ਵਾਸਤੇ ਇਸ ਮੁਹਿੰਮ ਦਾ ਲਾਭ ਜਰੂਰ ਲੈਣ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਪੰਚਾਇਤ ਚੋਣਾਂ ਲਈ ਵਰਤੀਆਂ ਜਾਣ ਵਾਲੀਆਂ ਵੋਟਰ ਸੂਚੀਆਂ ਦੀ ਯੋਗਤਾ ਮਿਤੀ 01/01/2023 ਦੇ ਆਧਾਰ 'ਤੇ ਮਿਤੀ 07/01/2024 ਨੂੰ ਅੰਤਿਮ ਪ੍ਰਕਾਸ਼ਨਾ ਕਰਵਾਈ ਜਾ ਚੁੱਕੀ ਹੈ। ਉਨ੍ਹਾਂ ਦੱਸਿਆ ਕਿ ਇਨ੍ਹਾਂ ਵੋਟਰ ਸੂਚੀਆਂ ਦੀ

ਮਿਤੀ 29/12/2023 ਤੱਕ ਸਾਰੇ ਚੋਣ ਰਜਿਸਟ੍ਰੇਸ਼ਨ ਅਫਸਰਾਂ ਵਲੋਂ, ਆਮ ਜਨਤਾ ਤੋਂ ਦਾਅਵੇ ਤੇ ਇਤਰਾਜ਼ ਪ੍ਰਾਪਤ ਕਰਕੇ, ਅਤੇ ਮਿਤੀ 05/01/2024 ਨੂੰ ਉਨ੍ਹਾਂ ਦਾ ਨਿਪਟਾਰਾ ਕਰਕੇ, ਅੰਤਿਮ ਪ੍ਰਕਾਸ਼ਨਾ ਕੀਤੀ ਗਈ ਸੀ।

ਡਿਪਟੀ ਕਮਿਸ਼ਨਰ ਨੇ ਅੱਗੇ ਦੱਸਿਆ ਕਿ ਵੋਟਰ ਸੂਚੀਆਂ ਦੀ ਪਵਿੱਤਰਤਾ ਬਰਕਰਾਰ ਰੱਖਣ ਲਈ ਇਹ ਯਕੀਨੀ ਬਣਾਇਆ ਜਾ ਰਿਹਾ ਹੈ ਕਿ ਸਾਰੇ ਯੋਗ ਵੋਟਰ ਆਪਣਾ ਨਾਮ ਇਨ੍ਹਾਂ ਵੋਟਰ ਸੂਚੀਆਂ ਵਿੱਚ ਦਰਜ ਕਰਵਾ ਸਕਣ। ਰਾਜ ਚੋਣ ਕਮਿਸ਼ਨ ਦੀਆਂ ਹਦਾਇਤਾਂ ਉਪਰ ਜ਼ਿਲ੍ਹਾ ਪੱਧਰ ਉਤੇ ਸਾਰੇ ਚੋਣ ਰਜਿਸਟਰੇਸ਼ਨ ਅਫ਼ਸਰਾਂ ਕਮ-ਐਸ.ਡੀ.ਐਮਜ. ਵਲੋਂ ਆਮ ਕੰਮ ਵਾਲੇ ਦਿਨਾਂ ਵਿੱਚ ਆਮ ਜਨਤਾ ਤੋਂ ਫਾਰਮ ਨੰਬਰ 1, ਦੋ ਅਤੇ ਤਿੰਨ ਜੋ ਕਿ ਕ੍ਰਮਵਾਰ ਵੋਟਾਂ ਬਣਵਾਉਣ, ਕੱਟਣ ਅਤੇ ਵੋਟਾਂ ਵਿੱਚ ਸੋਧ ਕਰਨ ਲਈ ਹੁੰਦੇ ਹਨ। ਇਸ ਤਰ੍ਹਾਂ ਇਹਨਾ ਬਾਬਤ ਇਤਰਾਜ ਪ੍ਰਾਪਤ ਕਰਨ ਲਈ 20, 21 ਅਤੇ 22 ਅਸਗਤ ਨੂੰ ਇੱਕ ਵਿਸ਼ੇਸ਼ ਮੁਹਿੰਮ ਵੀ ਚਲਾਈ ਜਾ ਰਹੀ ਹੈ।

ਸ਼ੌਕਤ ਅਹਿਮਦ ਪਰੇ ਨੇ ਹੋਰ ਦੱਸਿਆ ਕਿ ਪਿੰਡਾਂ ਦੇ ਯੋਗ ਵੋਟਰ ਫਾਰਮ ਨੰਬਰ 1 ਵੋਟਾਂ ਬਣਵਾਉਣ ਲਈ, ਕਿਸੇ ਇਤਰਾਜ ਜਾਂ ਵੋਟਾਂ ਕੱਟਣ ਲਈ ਫਾਰਮ ਨੰਬਰ 2 ਅਤੇ ਦਿੱਤੇ ਗਏ ਪਾਰਟੀਕੁਲਰ ਦੇ ਇੰਦਰਾਜ ਵਿੱਚ ਸੋਧ (ਪਤੇ ਵਿੱਚ ਤਬਦੀਲੀ ਜਾਂ ਪਤੇ ਵਿੱਚ ਸੋਧ ਜਾਂ ਕੋਈ ਹੋਰ ਸੋਧ ਲਈ), ਵਰਤੋਂ ਵਿੱਚ ਲਿਆ ਸਕਦੇ ਹਨ। ਇਹ ਫਾਰਮ ਸਾਰੇ ਐਸ.ਡੀ.ਐਮ ਦਫ਼ਤਰਾਂ ਵਿੱਚ ਜਾਂ ਕਮਿਸ਼ਨ ਦੀ ਵੈਬਸਾਇਟ ਐਸਈਸੀ ਡਾਟ ਪੰਜਾਬ ਡਾਟ ਜੀਓਵੀ ਡਾਟ ਇਨ ਉਪਰ ਵੀ ਉਪਬਲੱਧ ਹਨ।

ਪੰਜਾਬ ਨੂੰ ਰੰਗਲਾ ਪੰਜਾਬ ਬਣਾਉਣ ਲਈ ਨਸ਼ਾ ਮੁਕਤ ਕੀਤਾ ਜਾਵੇ : ਹੀਰਾ ਲਾਲ ਸ਼ਰਮਾ

ਜ਼ੀਰਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਦੀ ਇੱਕ ਨੌਜਵਾਨ ਪੀੜ੍ਹੀ ਜਿੱਥੇ ਅੱਤਵਾਦ ਦੀ ਭੇਟ ਚੜ ਗਈ ਅਤੇ ਦੂਸਰੀ ਪੀੜ੍ਹੀ ਨੂੰ ਨਸ਼ਿਆਂ ਦਾ ਦੈਂਤ ਨਿਗਲ ਰਿਹਾ ਹੈ। ਇਸ ਸੰਬੰਧ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਫਿਰੋਜ਼ਪੁਰ ਗਰੁੱਪ ਆਫ ਕਾਲਜ ਫਿਰੋਜ਼ਸ਼ਾਹ ਦੇ ਚੇਅਰਮੈਨ ਸ਼੍ਰੀ ਹੀਰਾ ਲਾਲ ਸ਼ਰਮਾ ਨੇ ਕਿਹਾ ਕਿ ਪੰਜਾਬ ਨੂੰ ਸੋਨੇ ਦੀ ਚਿੜੀ ਅਤੇ ਰੰਗਲਾ ਪੰਜਾਬ ਬਣਾਉਣ ਲਈ ਨਸ਼ਾ ਮੁਕਤ ਕਰਨ ਦੀ ਜਰੂਰਤ ਹੈ। ਉਹਨਾਂ ਕਿਹਾ ਕਿ ਸਰਕਾਰ ਵੱਲੋਂ ਸਖ਼ਤੀ ਕਰਨ ਦੇ ਬਾਵਜੂਦ ਪੰਜਾਬ ਦੇ ਪਿੰਡਾਂ ਵਿੱਚੋਂ ਰੋਜਾਨਾ ਕੋਈ ਨਾ ਕੋਈ ਨੌਜਵਾਨ ਨਸ਼ਿਆਂ ਦੀ ਭੇਟ ਚੜ ਰਿਹਾ ਹੈ, ਇਸ ਕਾਰਨ ਵਿਆਹੀਆਂ ਕੁੜੀਆਂ ਦੀਆਂ ਸੁਹੀਆਂ ਚੁੰਨੀਆਂ ਚਿੱਟੀਆਂ ਹੋ ਰਹੀਆਂ ਹਨ।

ਉਹਨਾਂ ਕਿਹਾ ਕਿ ਰੱਖੜੀ ਦੇ ਤਿਉਹਾਰ ਮੌਕੇ ਵੀ ਕਈ ਭੈਣਾਂ ਆਪਣੇ ਵੀਰਾਂ ਨੂੰ ਯਾਦ ਕਰਕੇ ਰੋ ਰਹੀਆਂ ਹਨ। ਸ਼੍ਰੀ ਹੀਰਾ ਲਾਲ ਸ਼ਰਮਾ ਨੇ ਕਿਹਾ ਕਿ ਪਤਾ ਨਹੀਂ ਕਿਉਂ ਪੰਜਾਬ ਵਿੱਚੋਂ ਨਸ਼ਾ ਖਤਮ ਨਹੀਂ ਹੋ ਰਿਹਾ, ਸਗੋਂ ਦਿਨੋ ਦਿਨ ਨਸ਼ਾ ਤਸਕਰਾਂ ਦੀਆਂ ਜੜ੍ਹਾਂ ਡੂੰਘੀਆਂ ਹੁੰਦੀਆਂ ਜਾ ਰਹੀਆਂ ਹਨ। ਉਹਨਾਂ ਕਿਹਾ ਕਿ ਚਿੱਟੇ ਦਾ ਸੇਵਨ ਕਰਨ ਦੇ ਆਦੀ ਹੋ ਚੁੱਕੇ ਨੌਜਵਾਨਾਂ ਨੂੰ ਸਖਤੀ ਨਾਲ ਨਹੀਂ ਸਗੋਂ ਪਿਆਰ ਨਾਲ ਉਹਨਾਂ ਨਾਲ ਪੇਸ਼ ਆ ਕੇ ਉਹਨਾਂ ਨੂੰ ਨਸ਼ਾ ਛੁਡਾਊ ਕੇਂਦਰਾਂ ਵਿੱਚ ਭਰਤੀ ਕਰਵਾ ਕੇ ਉਹਨਾਂ ਨੂੰ ਨਸ਼ਿਆਂ ਤੋਂ ਛੁਟਕਾਰਾ ਦਿਵਾਇਆ ਜਾ ਸਕਦਾ ਹੈ। ਉਹਨਾਂ ਪੰਜਾਬ ਦੇ ਸਿਆਸੀ, ਧਾਰਮਿਕ ਅਤੇ ਸਮਾਜ ਸੇਵੀ ਆਗੂਆਂ ਨੂੰ ਅਪੀਲ ਕੀਤੀ ਕਿ ਨੌਜਵਾਨਾਂ ਨੂੰ ਨਸ਼ਾ ਛਡਵਾਉਣ ਦੇ ਲਈ ਪਿੰਡ-ਪਿੰਡ ਸੈਮੀਨਾਰ ਕਰਵਾ ਕੇ ਉਹਨਾਂ ਨੂੰ ਵਿਦਿਅਕ ਖੇਤਰ ਨਾਲ ਜੋੜਿਆ ਜਾਵੇ ਤਾਂ ਜੋ ਉਹ ਆਪਣਾ ਭਵਿੱਖ ਸੁਨਹਿਰੀ ਬਣਾ ਸਕਣ। ਉਹਨਾਂ ਕਿਹਾ ਕਿ ਫਿਰੋਜ਼ਪੁਰ ਗਰੁੱਪ ਆਫ ਕਾਲਜ ਵਿਖੇ ਪੜ੍ਹ ਰਹੇ ਨੌਜਵਾਨ ਵਿਦਿਆਰਥੀ ਨਸ਼ਿਆਂ ਤੋਂ ਕੋਹਾਂ ਦੂਰ ਹਨ ਅਤੇ ਤਕਨੀਕੀ ਸਿੱਖਿਆ ਪ੍ਰਾਪਤ ਕਰਕੇ ਆਪਣਾ ਭਵਿੱਖ ਬਣਾ ਰਹੇ ਹਨ। ਸ਼੍ਰੀ ਹੀਰਾ ਲਾਲ ਸ਼ਰਮਾ ਨੇ ਇਹ ਵੀ ਕਿਹਾ ਕਿ ਪਿਛਲੇ ਕੁਝ ਸਾਲਾਂ ਦੌਰਾਨ ਸਾਡੇ ਨੌਜਵਾਨਾਂ ਦਾ ਰੁਝਾਨ ਵਿਦੇਸ਼ਾਂ ਵੱਲ ਹੋ ਗਿਆ ਸੀ ਅਤੇ ਮਾਪੇ ਵੀ ਸੋਚਦੇ ਸਨ ਕਿ ਨਸ਼ਿਆਂ ਤੋਂ ਬਚਾਉਣ ਲਈ ਉਹ ਕਿਸੇ ਨਾ ਕਿਸੇ ਤਰੀਕੇ ਆਪਣੇ ਬੱਚਿਆਂ ਨੂੰ ਵਿਦੇਸ਼ ਭੇਜਕੇ ਸੁਰਖਰੂ ਹੋ ਸਕਣ, ਪਰ ਵਿਦੇਸ਼ਾਂ ਵਿੱਚ ਵੀ ਹੁਨਰਮੰਦ ਕਾਮਿਆਂ ਦੀ ਮੰਗ ਹੋਣ ਕਾਰਨ ਹੁਣ ਨੌਜਵਾਨਾਂ ਦਾ ਝੁਕਾਅ ਤਕਨੀਕੀ ਸਿੱਖਿਆ ਵੱਲ ਹੋਇਆ ਹੈ। ਅਖੀਰ ਵਿੱਚ ਸ਼੍ਰੀ ਸ਼ਰਮਾ ਨੇ ਕਿਹਾ ਕਿ ਪੰਜਾਬ ਨੂੰ ਮੁੜ ਤੋਂ ਰੰਗਲਾ ਪੰਜਾਬ ਬਣਾਉਣ ਲਈ ਪੰਜਾਬ ਸਰਕਾਰ ਦੇ ਨਾਲ ਹਰ ਇੱਕ ਵਿਅਕਤੀ ਨੂੰ ਸਹਿਯੋਗ ਕਰਨਾ ਪਵੇਗਾ।

ਵਿਧਾਇਕ ਛੀਨਾ ਵੱਲੋਂ ਢੰਡਾਰੀ ਕਲਾਂ 'ਚ ਟਿਊਬਵੈਲ ਨਿਰਮਾਣ ਕਾਰਜ਼ਾਂ ਦਾ ਉਦਘਾਟਨ

ਲੁਧਿਆਣਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਇਲਾਕੇ ਦੇ ਵਸਨੀਕਾਂ ਨੂੰ ਪੀਣ ਵਾਲਾ ਸਾਫ ਪਾਣੀ ਮੁਹੱਈਆ ਕਰਵਾਉਣ ਦੇ ਮੰਤਵ ਨਾਲ, ਵਿਧਾਨ ਸਭਾ ਹਲਕਾ ਦੱਖਣੀ ਤੋਂ ਵਿਧਾਇਕ ਰਜਿੰਦਰਪਾਲ ਕੌਰ ਛੀਨਾ ਵੱਲੋਂ ਢੰਡਾਰੀ ਕਲਾਂ ਵਿਖੇ 25 ਹਾਰਸ ਪਾਵਰ ਟਿਊਬਵੈਲ ਲਗਾਉਣ ਦੇ ਕਾਰਜ਼ਾਂ ਦਾ ਉਦਘਾਟਨ ਕੀਤਾ।

ਵਿਧਾਇਕ ਛੀਨਾ ਨੇ ਦੱਸਿਆ ਕਿ ਇਸ ਪ੍ਰਾਜੈਕਟ ਤਹਿਤ 11.50 ਲੱਖ ਰੁਪਏ ਖਰਚ ਕੀਤੇ ਜਾਣਗੇ।

ਉਨ੍ਹਾਂ ਦੱਸਿਆ ਕਿ ਇਲਾਕਾ ਨਿਵਾਸੀ ਪਿਛਲੇ ਲੰਬੇ ਸਮੇਂ ਤੋਂ ਪਾਣੀ ਦੀ ਸਮੱਸਿਆ ਤੋਂ ਪ੍ਰੇਸ਼ਾਨ ਸਨ ਅਤੇ ਹੁਣ ਉਨ੍ਹਾਂ ਨੂੰ ਜਲਦ ਹੀ ਰਾਹਤ ਮਿਲੇਗੀ। ਉਨ੍ਹਾਂ ਕਿਹਾ ਕਿ ਢੰਡਾਰੀ ਕਲਾਂ ਦੇ ਵਸਨੀਕ ਪਹਿਲਾਂ ਵੀ ਪਿਛਲੀਆਂ ਸਰਕਾਰਾਂ ਤੋਂ ਟਿਊਬਵੈੱਲਾਂ ਦੀ ਮੰਗ ਕਰਦੇ ਆ ਰਹੇ ਸਨ ਪਰ ਸੂਬੇ ਵਿੱਚ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ 'ਆਪ' ਸਰਕਾਰ ਨੇ ਲੋਕਾਂ ਦੀ ਸਾਰ ਲਈ ਹੈ।

ਇਸ ਮੌਕੇ ਆਪ ਵਲੰਟੀਅਰ ਬਲਵੀਰ ਭੋਲਾ, ਰਾਜੂ ਢੰਡਾਰੀ, ਸੁਖਦੇਵ ਢੰਡਾਰੀ, ਬਲਜੀਤ ਢੰਡਾਰੀ, ਬਿੰਦਰ ਗਰਚਾ, ਚੀਮਾ ਡੇਅਰੀ,ਪਾਲੀ ਕਵਾਰੀਆ ਧਰਮਪਾਲ, ਬਲਕਾਰ ਸਿੰਘ, ਜੱਸੀ ਗਿਆਸਪੁਰ , ਭੋਲਾ ਮਾਨ ਅਤੇ ਸਮੂਹ ਇਲਾਕਾ ਨਿਵਾਸੀ ਹਾਜ਼ਰ ਸਨ।

ਮੁੱਖ ਮੰਤਰੀ ਵੱਲੋਂ ਰੱਖੜੀ ਦੇ ਤਿਉਹਾਰ ਮੌਕੇ ਔਰਤਾਂ ਨੂੰ ਤੋਹਫਾ, ਆਂਗਣਵਾੜੀ ਵਰਕਰਾਂ ਦੀਆਂ 3000 ਨਵੀਆਂ ਅਸਾਮੀਆਂ ਭਰਨ ਦਾ ਐਲਾਨ

ਬਰਨਾਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਰੱਖੜੀ ਦੇ ਤਿਉਹਾਰ ਮੌਕੇ ਪੰਜਾਬ ਦੀਆਂ ਮਹਿਲਾਵਾਂ ਨੂੰ ਵੱਡੀ ਸੌਗਾਤ ਦਿੰਦਿਆਂ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਅੱਜ ਆਂਗਣਵਾੜੀ ਵਰਕਰਾਂ ਦੀਆਂ 3000 ਨਵੀਆਂ ਅਸਾਮੀਆਂ ਭਰਨ ਦੇ ਨਾਲ-ਨਾਲ ਔਰਤਾਂ ਲਈ ਰੋਜ਼ਗਾਰ ਦੇ ਵੱਡੇ ਮੌਕੇ ਪੈਦਾ ਕਰਨ ਦਾ ਐਲਾਨ ਕੀਤਾ।

ਅੱਜ ਇੱਥੇ ਰੱਖੜੀ ਦੇ ਤਿਉਹਾਰ ਮੌਕੇ ਰਾਜ ਪੱਧਰੀ ਸਮਾਗਮ ਦੌਰਾਨ ਸੰਬਧੋਨ ਕਰਦਿਆਂ ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਨੇ ਇਸ ਸਬੰਧੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ

ਜੀਵਨ ਵਿਚ ਜ਼ਰੂਰੀ ਹੈ ਚੜ੍ਹਦੀਕਲਾ ਵਾਲਾ ਨਜ਼ਰੀਆ

ਰਮੇਸ਼ ਬੱਗਾ ਚੋਹਲਾ

ਪਾਣੀ ਦਾ ਅੱਧਾ ਭਰਿਆ ਜਾਂ ਅੱਧਾ ਖਾਲੀ ਗਲਾਸ ਮਨੁੱਖੀ ਸੋਚ ਦੀ ਹਾਂ-ਪੱਖੀ ਜਾਂ ਨਾਂਹ ਪੱਖੀ ਪਹੁੰਚ ਨਾਲ ਸਿੱਧੇ ਰੂਪ ਵਿਚ ਜੁੜਿਆ ਹੋਇਆ ਹੈ। ਇਹ ਪਹੁੰਚ ਕਿਸੇ ਵੀ ਵਿਅਕਤੀ ਦੇ ਵਿਅਕਤੀਤਵ ਦਾ ਇਕ ਅਹਿਮ ਹਿੱਸਾ ਹੁੰਦੀ ਹੈ। ਜੇਕਰ ਕੋਈ ਵਿਅਕਤੀ ਆਪਣੇ ਜੀਵਨ ਵਿਚ ਨਕਾਰਾਤਮਿਕ ਵਿਚਾਰਧਾਰਾ ਦਾ ਧਾਰਨੀ ਹੋਵੇਗਾ ਤਾਂ ਉਸ ਦੀ ਜ਼ਿੰਦਗੀ ਦੇ ਪ੍ਰਤੀ ਪਹੁੰਚ ਵੀ ਅਜਿਹੀ ਹੀ ਹੋਵੇਗੀ ਅਤੇ ਉਹ ਪਾਣੀ ਦੇ ਅੱਧ-ਭਰੇ ਹੋਏ ਗਿਲਾਸ ਤੋਂ ਕੋਈ ਅਗਾਂਹਵਧੂ ਪ੍ਰੇਰਨਾ ਨਹੀਂ ਲੈ ਸਕੇਗਾ। ਅਜਿਹਾ ਮਨੁੱਖ ਫਸੀ ਹੋਈ ਨੂੰ ਛੱਡ ਕੇ ਉੱਡਦੀ ਦੇ ਪਿੱਛੇ ਲੱਗਾ ਰਹਿਣ ਵਾਲਾ ਹੁੰਦਾ ਹੈ। ਅਜਿਹੇ ਮਨੁੱਖ ਦੀ ਸੰਤੁਸ਼ਟੀ ਦਾ ਪੱਧਰ ਬਹੁਤ ਹੀ ਨੀਵਾਂ ਹੁੰਦਾ ਹੈ ਅਤੇ ਇਸ ਨੀਵਾਣ ਦੇ ਕਾਰਨ ਉਹ ਭਟਕਣ ਦਾ ਸ਼ਿਕਾਰ ਹੋਇਆ ਰਹਿੰਦਾ ਹੈ। ਇਹ ਭਟਕਣ ਜਿੱਥੇ ਉਸ ਦੇ ਜੀਵਨ ਵਿਚ ਅਸਥਿਰਤਾ ਪੈਦਾ ਕਰਦੀ ਹੈ ਉੱਥੇ ਉਸ ਨੂੰ ਨਿਰਾਸ਼ਾ ਦੀਆਂ ਡੂੰਘੀਆਂ ਖਾਈਆਂ ਵਿਚ ਵੀ ਧਕੇਲਦੀ ਹੈ। ਅਜਿਹੀ ਸੂਰਤ ਉਸ ਮਨੁੱਖ ਨੂੰ ਉਸ ਦੇ ਜੀਵਨ-ਮਨੋਰਥ ਦੀ ਪ੍ਰਾਪਤੀ ਤੋਂ ਵਾਂਝਿਆਂ ਕਰੀ ਰੱਖਦੀ ਹੈ।

ਪਾਣੀ ਦਾ ਭਰਿਆ ਹੋਇਆ ਅੱਧਾ ਗਲਾਸ ਅਜਿਹੇ ਬਸ਼ਰ ਲਈ ਕੋਈ ਬਹੁਤਾ ਪ੍ਰੇਰਨਾਦਾਇਕ ਸਾਬਤ ਨਹੀਂ ਹੁੰਦਾ। ਉਸ ਦੀ ਸੁਰ ਹਮੇਸ਼ਾਂ ਹੀ ਨਿਰਾਸ਼ਾਵਾਦੀ ਹੁੰਦੀ ਹੈ। ਗਿਲਾਸ ਦੇ ਸੱਖਣੇਪਨ ਨੂੰ ਦੇਖ ਕੇ ਅਜਿਹਾ ਜੀਊੜਾ ਸਦਾ ਹੀ ਝੂਰਦਾ ਅਤੇ ਘੂਰਦਾ ਰਹਿੰਦਾ ਹੈ। ਦੂਸਰੇ ਪਾਸੇ ਸਮਾਜ ਵਿਚ ਕਈ ਅਜਿਹੇ ਵਿਅਕਤੀ ਵੀ ਮਿਲ ਜਾਂਦੇ ਹਨ ਜਿਹੜੇ ਪਾਣੀ ਦੇ ਅੱਧੇ ਭਰੇ ਹੋਏ ਗਲਾਸ ਨੂੰ ਆਸ਼ਾਵਾਦੀ ਜ਼ਾਵੀਏ ਤੋਂ ਤੱਕ ਦੇ ਹਨ ਅਤੇ ਹਮੇਸ਼ਾਂ ਆਪਣੀ ਚੜ੍ਹਦੀਕਲਾ ਦਾ ਸਬੂਤ ਦਿੰਦੇ ਹਨ। ਇਸ ਵਰਗ ਦੇ ਵਿਅਕਤੀ ਭਰੇ ਹੋਏ ਅੱਧੇ ਗਲਾਸ ਤੋਂ ਉਤਸ਼ਾਹਿਤ ਹੋ ਕੇ ਗਲਾਸ ਦੇ ਊਣੇਪਨ ਨੂੰ ਭਰਪੂਰ ਕਰਨ ਹਿੱਤ ਯਤਨਸ਼ੀਲ ਬਣੇ ਰਹਿੰਦੇ ਹਨ। ਆਪਣੀ ਯਤਨਸ਼ੀਲਤਾ ਅਤੇ ਵਿਸ਼ੇਸ਼ ਲਗਨ ਸਦਕਾ ਆਪਣੀ ਹਯਾਤੀ ਦੇ ਵਾਧੇ-ਘਾਟੇ ਵਿਚ ਸਮਤੋਲ ਬਣੀ ਰੱਖਦੇ ਹਨ। ਇਸ ਸਮਤੋਲ ਕਾਰਨ ਹੀ ਉਹ ਆਪਣੇ ਜੀਵਨ ਵਿਚ ਆਉਣ ਵਾਲੇ ਉਤਰਾਵਾਂ-ਚੜ੍ਹਾਵਾਂ ਪ੍ਰਤੀ ਬਹੁਤੇ ਉਦਾਸ ਜਾਂ ਹੁਲਾਸ ਨਹੀਂ ਹੁੰਦੇ। ਆਪਣੇ ਸਮਸਰਤਾ ਵਾਲੇ ਦ੍ਰਿਸ਼ਟੀਕੋਣ ਕਾਰਨ ਇਹ ਪੁਰਖ, ਪੁਰਖ ਤੋਂ ਮਹਾਂਪੁਰਖ ਹੋ ਨਿਬੜ ਦੇ ਹਨ ਕਿਉਂਕਿ ਇਨ੍ਹਾਂ ਦਾ ਸੁਭਾਅ ਸਦਾ ਸ਼ੁਕਰਗੁਜ਼ਾਰੀ ਵਾਲਾ ਹੋ ਜਾਂਦਾ ਹੈ। ਇਸ ਤਰ੍ਹਾਂ ਦੇ ਸੁਭਾਅ ਦੀ ਮਾਲਕੀਅਤ ਵਾਲਾ ਮਨੁੱਖ ਕਦੇ ਵੀ ਵਹਿਗੁਰੂ ਦੇ ਵਰਤਾਰਿਆਂ ਉੱਪਰ ਕਿੰਤੂ-ਪ੍ਰੰਤੂ ਨਹੀਂ ਕਰਦਾ, ਸਗੋਂ ਉਸ ਦੀ ਰਜ਼ਾ ਵਿਚ ਰਾਜ਼ੀ ਰਹਿ ਕੇ ਆਪਣੇ ਲੋਕ-ਪ੍ਰਲੋਕ ਨੂੰ ਸੁਹੇਲਾ ਬਣਾਉਣ ਲਈ ਤੱਤਪਰ ਰਹਿੰਦਾ ਹੈ।

ਪਾਣੀ ਦਾ ਅੱਧਾ ਭਰਿਆ ਹੋਇਆ ਗਲਾਸ ਕਿਸੇ ਵਿਅਕਤੀ ਦੇ ਸੰਤੋਖੀ ਸੁਭਾਅ ਦੀ ਵੀ ਬਾਤ ਪਾਉਂਦਾ ਹੈ। ਇਹ ਬਾਤ ਮਨੁੱਖ ਨੂੰ ਥੋੜ੍ਹੇ ਨੂੰ ਬਹੁਤਾ ਕਰਕੇ ਜਾਣਨ ਦੀ ਜੀਵਨ-ਜਾਚ ਸਿਖਾਉਂਦੀ ਹੈ। ਇਸ ਤਰ੍ਹਾਂ ਦੀ ਜੀਵਨ-ਜਾਂਚ ਦੀ ਹੀ ਪ੍ਰਤੀਨਿਧਤਾ ਕਰਦੇ ਰਹੇ ਹਨ ਦਸਵੇਂ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜਿਹੜੇ ਚਮਕੌਰ ਸਾਹਿਬ ਦੀ ਕੱਚੀ ਹਵੇਲੀ ਵਿਚ ਮੁੱਠੀ ਭਰ ਮਰਜੀਵੜਿਆਂ (ਸਿੰਘਾਂ) ਨੂੰ ਨਾਲ ਲੈ ਕੇ ਵੈਰੀਆਂ ਦੇ ਟਿੱਡੀ-ਦਲ ਨੂੰ ਮਾਤ ਦਿੰਦੇ ਰਹੇ ਹਨ। ਇੱਥੇ ਹੀ ਬੱਸ ਨਹੀਂ ਉਨ੍ਹਾਂ ਨੇ ਆਪਣਾ ਸਭ ਕੁਝ ਨਿਛਾਵਰ ਕਰ ਕੇ ਵੀ ਆਪਣੇ ਮਿੱਤਰ-ਪਿਆਰੇ (ਅਕਾਲ ਪੁਰਖ) ਨਾਲ ਕਦੇ ਕੋਈ ਗਿਲਾ-ਸ਼ਿਕਵਾ ਨਹੀਂ ਕੀਤਾ। ਸੋ ਅੰਤ ਵਿਚ ਅਸੀਂ ਇਹੀ ਕਹਿ ਸਕਦੇ ਹਾਂ ਕਿ ਪਾਣੀ ਦੇ ਅੱਧੇ ਭਰੇ ਹੋਏ ਗਲਾਸ ਤੋਂ ਸਾਨੂੰ ਸਦਾ ਹੀ ਧਨਾਤਮਕ ਪ੍ਰੇਰਨਾ ਮਿਲਦੀ ਰਹੇਗੀ, ਜੇ ਸਾਡੀ ਮਾਨਸਿਕ ਅਵਸਥਾ ਇਸ ਦੇ ਹਾਣ ਦੀ ਬਣੀ ਰਹੇਗੀ। ਇਸ ਦੇ ਉਲਟ ਜੇਕਰ ਸਾਡੀ ਮਨੋਸਥਿਤੀ ਰਿਣਾਤਮਕ ਬਣੀ ਰਹੇਗੀ ਤਾਂ ਸਾਡੀ ਸੋਚ ਵੀ ਵਧੇਰਾ ਸਮਾਂ ਪਾਣੀ ਦੇ ਗਲਾਸ ਦੇ ਖਾਲੀਪਣ ਉੱਪਰ ਹੀ ਠਹਿਰੀ ਰਹੇਗੀ। ਇਸ ਲਈ ਸਾਨੂੰ ਹਮੇਸ਼ਾ ਹੀ ਆਸ਼ਾਵਾਦੀ ਉਰਫ਼ ਚੜ੍ਹਦੀਕਲਾ ਵਾਲਾ ਨਜ਼ਰੀਆ ਰੱਖਣਾ ਚਾਹੀਦਾ ਹੈ। •

ਮੋਬਾਈਲ : 94631-32719

ਪਿਆਰੀਆਂ ਹੁੰਦੀਆਂ ਧੀਆਂ ਤੇ ਧਰੇਕਾਂ

ਹਰਮਿੰਦਰ ਸਿੰਘ ਭੱਟ

ਵਿਆਹ ਤੋਂ ਬਾਅਦ ਧੀਆਂ ਦਾ ਆਪਣੇ ਮਾਂ ਬਾਪ ਨੂੰ ਛੱਡ ਦੂਜੇ ਘਰ ਚਲੇ ਜਾਣ ਨਾਲ ਜਿੱਥੇ ਬਾਬਲ ਦਾ ਵਿਹੜਾ ਸੁੰਨਾ ਹੋ ਜਾਂਦਾ ਹੈ ਉੱਥੇ ਬਾਪੂ ਆਪਣੀ ਪਿਆਰੀ ਧੀ ਦੇ ਵਿਆਹ ਤੇ ਖ਼ਰਚ ਕਰਨ ਕਰ ਕੇ ਦੋਨਾਂ ਪੱਖਾਂ ਤੋਂ ਖੁੰਗਲ ਹੋ ਜਾਂਦਾ ਹੈ। ਇਸੇ ਤਰ੍ਹਾਂ ਜਦੋਂ ਧਰੇਕ ਦੇ ਰੁੱਖ 'ਤੇ ਤਰ੍ਹਾਂ ਤਰ੍ਹਾਂ ਦੇ ਪੰਛੀ ਬੋਲਦੇ ਹਨ ਜਿਨ੍ਹਾਂ ਨਾਲ ਵਿਹੜੇ ਵਿਚ ਚਹਿਲ ਪਹਿਲ ਵਾਲਾ ਮਾਹੌਲ ਬਣਿਆਂ ਰਹਿੰਦਾ ਹੈ ਤੇ ਧੀ ਦੇ ਤੋਤਲੇ ਬੋਲਾਂ ਰਾਹੀਂ ਸਾਰਾ ਪਰਿਵਾਰ ਖ਼ੁਸ਼ੀ ਵਿਚ ਰਮਿਆ ਰਹਿੰਦਾ ਹੈ। ਇਸੇ ਤਰ੍ਹਾਂ ਧੀਆਂ ਤੇ ਧਰੇਕਾਂ ਵਿਹੜੇ ਦੀਆਂ ਰੌਣਕ ਹੋ ਨਿੱਬੜਦੀਆਂ ਹਨ। ਪਰ ਹੁਣ ਜਿਵੇਂ ਆਧੁਨਿਕ ਜ਼ਮਾਨੇ ਦੀਆਂ ਕੋਠੀਆਂ ਵਿਚ ਜਿਵੇਂ ਧਰੇਕ ਦਾ ਰੁੱਖ ਦੇਖਣ ਨੂੰ ਨਹੀਂ ਮਿਲਦਾ ਇਸੇ ਤਰ੍ਹਾਂ ਦਿਨੋ ਦਿਨ ਧੀਆਂ ਦੀ ਗਿਣਤੀ ਵੀ ਘਟਦੀ ਜਾ ਰਹੀ ਹੈ। ਧੀਆਂ ਨਾਲ ਵਿਤਕਰਾ ਤਾਂ ਪਹਿਲੇ ਦਿਨ ਤੋਂ ਹੀ ਹੁੰਦਾ ਆਇਆ ਹੈ ਫ਼ਰਕ ਸਿਰਫ਼ ਐਨਾ ਹੈ ਕਿ ਪਹਿਲਾਂ ਧੀਆਂ ਨੂੰ ਜੰਮਣ ਤੋਂ ਬਾਅਦ ਵਿਚ ਮੂੰਹ ਵਿਚ ਗੁੜ ਦੀ ਰੋੜੀ ਲਾ ਅੱਕ ਦਾ ਦੁੱਧ ਪਿਲਾਕੇ ਆਖਿਆ ਜਾਂਦਾ ਸੀ 'ਰੱਜ ਕੇ ਗੁੜ ਖਾਈਂ ਆਪ ਨਾ ਆਈ, ਵੀਰ ਨੂੰ ਘੱਲੀਂ' ਪਰ ਅਫ਼ਸੋਸ ਆਧੁਨਿਕ ਯੁਗ ਵਿਚ ਤਾਂ ਧੀਆਂ ਨੂੰ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ।

ਅਜਿਹਾ ਕਰਨ ਨਾਲ ਸਾਡੇ ਵਿਚ ਇਕੱਲਾਪਣ ਵਧਦਾ ਜਾ ਰਿਹਾ ਹੈ। ਪੜ੍ਹੇ ਲਿਖੇ ਸਮਾਜ ਵਿਚ ਭਰੂਣ ਹੱਤਿਆ ਦਿਨੋਂ ਦਿਨ ਵਧਦੀ ਜਾ ਰਹੀ ਹੈ ਜੋ ਕਿ ਸਾਡੇ ਮੱਥੇ 'ਤੇ ਬਹੁਤ ਵੱਡਾ ਕਲੰਕ ਹੈ। ਕੀ ਹੋ ਗਿਆ ਹੈ ਸਾਡੀ ਸੋਚ ਨੂੰ ਪੜ੍ਹੀ ਲਿਖੀ ਨਾਰੀ ਹੀ ਨਾਰੀ ਦੀ ਦੁਸ਼ਮਣ ਬਣੀ ਹੋਈ ਹੈ ਕਿ ਅਸੀਂ ਧੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਕੁੱਖ ਵਿਚ ਕਤਲ ਕਰਵਾ ਦਿੰਦੇ ਹਾਂ। ਇਸ ਕੰਮ ਵਿਚ ਔਰਤ ਤੇ ਮਰਦ ਦੋਨੋਂ ਹੀ ਬਰਾਬਰ ਦੇ ਹੱਕਦਾਰ ਹਨ। ਇਸ ਦਾ ਵੱਡਾ ਕਾਰਨ ਧੀਆਂ ਤੇ ਪੁੱਤਰਾਂ ਵਿਚ ਹੋਣ ਵਾਲਾ ਫ਼ਰਕ ਹੈ। ਜਦਕਿ ਧੀਆਂ ਪੜ੍ਹ ਕੇ ਵੀ ਪੁੱਤਰਾਂ ਤੋਂ ਅੱਗੇ ਹਨ। ਪੁੱਤਰ ਤਾਂ ਹਰ ਚੀਜ਼ ਲੜ ਕੇ ਲੈਂਦੇ ਹਨ। ਫਿਰ ਵੀ ਅਸੀਂ ਪੁੱਤਰ ਪ੍ਰਾਪਤੀ ਲਈ ਧੀਆਂ ਨੂੰ ਕੁੱਖ ਵਿਚ ਕਤਲ ਕਰਾ ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਪਾ ਕੂੜੇ ਵਾਲੇ ਢੇਰ ਤੇ ਸੁੱਟ ਦਿੰਦੇ ਹਾਂ। 2002 ਤੋਂ 2017 ਦੇ ਜਨ ਗਣਨਾ ਅੰਕੜਿਆਂ ਦੇ ਆਧਾਰ 'ਤੇ ਹਜ਼ਾਰਾਂ ਦੀ ਗਿਣਤੀ ਵਿਚ ਮਾਸੂਮ ਧੀਆਂ ਦੀ ਭਰੂਣ ਹੱਤਿਆ ਹੋਈ ਹੈ।

ਜਨ ਗਣਨਾ ਅਨੁਸਾਰ 1000 ਲੜਕੇ ਪਿੱਛੇ ਸਿਰਫ਼ 914 ਲੜਕੀਆਂ ਹਨ। ਵਿਆਹ ਦੀ ਉਮਰ ਵਿਚ ਇਹ 84 ਲੜਕੇ ਜਾਂ ਤਾਂ ਕੁਆਰੇ ਹੀ ਰਹਿਣਗੇ ਜਾਂ ਕਿਸੇ ਹੋਰ ਦੇਸ਼ ਤੋਂ ਲੜਕੀਆਂ ਲਿਆਉਣਗੇ। ਜੇ ਲੜਕੀਆਂ ਦੀ ਦਰ ਇਸੇ ਤਰ੍ਹਾਂ ਘਟਦੀ ਰਹੀ ਤਾਂ ਇਸ ਸ੍ਰਿਸ਼ਟੀ ਦੀ ਸਿਰਜਣਾ ਹੀ ਇਕ ਦਿਨ ਬੰਦ ਹੋ ਜਾਵੇਗੀ। ਕੀ ਅਸੀਂ ਜਾਨਵਰਾਂ ਨਾਲੋਂ ਵੀ ਗਿਰ ਗਏ ਹਾਂ? ਜਾਨਵਰ ਕਦੇ ਵੀ ਧੀ ਪੁੱਤ ਵਿਚ ਵਿਤਕਰਾ ਨਹੀਂ ਕਰਦੇ ਫਿਰ ਅਸੀਂ ਬੁੱਧੀ ਵਾਲੇ ਹੋ ਕੇ ਅਜਿਹਾ ਕਿਉਂ ਕਰ ਰਹੇ ਹਾਂ?

ਮੋਬਾਈਲ : 99140-62205

ਮਰਦਾਂ ਦਾ ਗਿੱਧਾ

ਪੰਜਾਬ ਦੇ ਮਾਲਵਾ ਖੇਤਰ ਵਿਚ ਮਰਦਾਂ ਦਾ ਗਿੱਧਾ ਬਹੁਤ ਮਸ਼ਹੂਰ ਹੈ। ਇਸ ਨੂੰ ਮਲਵਈ ਗਿੱਧਾ ਵੀ ਕਿਹਾ ਜਾਂਦਾ ਹੈ। ਜਦੋਂ ਮਲਵਈ ਗਿੱਧੇ ਦਾ ਆਗ਼ਾਜ਼ ਹੋਇਆ ਤਾਂ ਸ਼ੁਰੂਆਤੀ ਸਮੇਂ ਵਿਚ ਕੋਈ ਖ਼ਾਸ ਸਾਜ਼ ਨਹੀਂ ਸੀ ਹੁੰਦੇ। ਜਿਹੜੀ ਚੀਜ਼ ਹੱਥ ਆਉਂਦੀ ਜਿਵੇਂ ਪੀਪੇ, ਡੰਡੇ, ਪਰਾਤਾਂ, ਛਿੱਤਰ, ਗੜਵੀ, ਘੜਾ ਆਦਿ ਚੁੱਕ ਲਿਆਉਂਦੇ। ਹੌਲੀ ਹੌਲੀ ਇਨ੍ਹਾਂ ਚੀਜ਼ਾਂ ਦੀ ਥਾਂ ਢੋਲਕੀ, ਤੂੰਬਾ, ਝੁਗਦੂ, ਕਾਟੋ, ਸੰਪ, ਚਿਮਟੇ, ਖੰਜਰੀ, ਟੱਲੀਆਂ, ਅਲਗੋਜ਼ੇ, ਘੜਾ ਆਦਿਨੇ ਲੈ ਲਈ। ਪਹਿਲੇ ਸਮੇਂ ਵਿਚ ਜੰਞ ਦੀ ਰੋਟੀ ਖੋਲ੍ਹਣ ਦੀ ਰਸਮ ਵੇਲੇ ਮਰਦਾਂ ਦੁਆਰਾ ਬੋਲੀਆਂ ਪਾਈਆਂ ਜਾਂਦੀਆਂ ਸਨ। ਹੌਲੀ ਹੌਲੀ ਇਨ੍ਹਾਂ ਬੋਲੀਆਂ ਨੇ ਇਕ ਲੋਕ-ਨਾਚ ਦਾ ਰੂਪ ਲੈ ਲਿਆ ਜੋ ਕਿ ਮਲਵਈ ਗਿੱਧਾ ਅਖਵਾਉਣ ਲੱਗ ਪਿਆ। ਇਹ ਇਕ ਕਿਸਮ ਦਾ ਖੁੱਲ੍ਹਾ ਨਾਚ ਹੈ, ਜਿਸ ਵਿਚ ਕੇਵਲ ਦੋ ਜਾਂ ਤਿੰਨ ਮਰਦ ਬੋਲੀਆਂ ਪਾਉਂਦੇ ਹਨ ਤੇ ਬਾਕੀ ਮਰਦ ਲੋਕ ਸਾਜ਼ ਵਜਾ ਕੇ ਖੁੱਲ੍ਹਾ ਨਾਚ ਨੱਚਦੇ ਹਨ। •

ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ

ਹੁਣ ਦੇ ਦੌਰ ਦੀ ਜੇਕਰ ਪੁਰਾਣੇ ਸਮਿਆਂ ਨਾਲ ਤੁਲਨਾ ਕੀਤੀ ਜਾਵੇ ਤਾਂ ਬਹੁਤ ਵੱਡਾ ਅੰਤਰ ਦਿਖਾਈ ਦਿੰਦਾ ਹੈ। ਸਭ ਕੁਝ ਬਦਲ ਗਿਆ ਹੈ। ਇਸ ਵਿਗਿਆਨਿਕ ਯੁੱਗ ਵਿਚ ਪੁਰਾਣੇ ਸਮਿਆਂ ਵਾਲੀਆਂ ਰੱਲਾਂ, ਕਹਾਵਤਾਂ ਅਤੇ ਪੰਜਾਬੀ ਵਿਰਸੇ ਨਾਲ ਸਬੰਧਿਤ ਸਭ ਕੁਝ ਗਾਇਬ ਹੋ ਗਿਆ ਹੈ। ਮੋਬਾਈਲ, ਕੰਪਿਊਟਰ ਅਤੇ ਇੰਟਰਨੈੱਟ ਦੀ ਦੀਵਾਨੀ ਹੋਈ ਨੌਜਵਾਨ ਪੀੜ੍ਹੀ ਆਪਣੇ ਵਿਰਸੇ ਤੋਂ ਅਨਜਾਣ ਹੋ ਕੇ ਰਹਿ ਗਈ ਹੈ। ਜਿਸ ਕਰਕੇ ਜ਼ਿਆਦਾ ਉਮਰ ਦੇ ਲੋਕਾਂ ਅਤੇ ਹੁਣ ਦੀ ਪੀੜ੍ਹੀ ਦੀਆਂ ਗੱਲਾਂ ਵਿਚ ਵੀ ਬਹੁਤ ਅੰਤਰ ਬਣ ਗਿਆ ਹੈ। ਪਹਿਲਾਂ ਲੋਕ ਹੁਣ ਵਾਂਗ ਅੰਗਰੇਜ਼ੀ ਮਹੀਨਿਆਂ ਦਾ ਹਿਸਾਬ ਨਹੀਂ ਰੱਖਦੇ ਸਨ। ਉਹ ਦੇਸੀ ਮਹੀਨਿਆਂ ਦਾ ਹਿਸਾਬ-ਕਿਤਾਬ ਰੱਖਦੇ ਸੀ। ਹੁਣ ਜਿਵੇਂ ਜਨਵਰੀ-ਫਰਵਰੀ ਮਹੀਨਿਆਂ ਦਾ ਜ਼ਿਕਰ ਕੀਤਾ ਜਾਂਦਾ ਹੈ। ਉਦੋਂ ਲੋਕ ਦੂਸਰੇ ਦੇਸੀ ਮਹੀਨੇ ਜਿਵੇਂ ਗਰਮੀ ਦੀ ਰੁੱਤ ਵਿਚ ਸਾਉਣ, ਭਾਦੋਂ, ਅੱਸੂ, ਕੱਤਕ (ਕੱਤਾ) ਅਤੇ ਸਰਦੀ ਦੀ ਰੁੱਤ ਵਿਚ ਮੱਘਰ, ਪੋਹ, ਮਾਘ ਆਦਿ ਮਹੀਨਿਆਂ ਦਾ ਹਿਸਾਬ ਰੱਖਿਆ ਜਾਂਦਾ ਸੀ। ਬਜ਼ੁਰਗ ਤਾਂ ਹੁਣ ਵੀ ਉਸੇ ਤਰ੍ਹਾਂ ਹੀ ਦੇਸੀ ਮਹੀਨਿਆਂ ਦਾ ਜ਼ਿਕਰ ਕਰਦੇ ਹਨ।

ਜੇਕਰ ਅਜੋਕੀ ਪੀੜ੍ਹੀ ਨੂੰ ਇਨ੍ਹਾਂ ਮਹੀਨਿਆਂ ਬਾਰੇ ਪੁੱਛਿਆ ਜਾਵੇ ਤਾਂ ਉਹ ਇਸ ਬਾਰੇ ਦੱਸਣ ਤੋਂ ਅਸਮਰੱਥ ਹੋਣਗੇ, ਕਿਉਂਕਿ ਉਨ੍ਹਾਂ ਨੂੰ ਜਨਵਰੀ-ਫਰਵਰੀ ਬਾਰੇ ਹੀ ਪਤਾ ਹੋਵੇਗਾ, ਉਨ੍ਹਾਂ ਨੂੰ ਇਸ ਬਾਰੇ ਨਾ ਤਾਂ ਕਦੇ ਦੱਸਿਆ ਹੈ ਅਤੇ ਨਾ ਹੀ ਉਨ੍ਹਾਂ ਕੋਲ ਅਜਿਹੇ ਕੰਮਾਂ ਲਈ ਸਮਾਂ ਹੈ। ਕਿਉਂਕਿ ਮੋਬਾਈਲਾਂ ਵਰਗੇ ਸਾਧਨਾਂ ਨੇ ਉਨ੍ਹਾਂ ਨੂੰ ਆਪਣੇ ਨਾਲ ਬੰਨ੍ਹ ਰੱਖਿਆ ਹੈ। ਦੇਸੀ ਮਹੀਨਿਆਂ ਨਾਲ ਅਨੇਕਾਂ ਕਹਾਵਤਾਂ ਜੁੜੀਆਂ ਹੋਈਆਂ ਹਨ। ਜਿਨ੍ਹਾਂ ਬਾਰੇ ਹੁਣ ਘੱਟ ਜਾਣਕਾਰੀ ਹੈ। ਇਹ ਕਹਾਵਤਾਂ ਪੰਜਾਬੀਆਂ ਦੀ ਪੰਜਾਬੀਅਤ ਨੂੰ ਬਿਆਨ ਕਰਦੀਆਂ ਹਨ। ਹੁਣ ਗਰਮੀ ਦਾ ਮੌਸਮ ਹੈ ਅਤੇ ਭਾਦੋਂ ਦਾ ਮਹੀਨਾ ਚੱਲ ਰਿਹਾ ਹੈ। ਇਸ ਤੋਂ ਪਹਿਲਾਂ ਸਾਉਣ ਦਾ ਮਹੀਨਾ ਲੰਘਿਆ ਹੈ। ਇਹ ਮਹੀਨੇ ਪੰਜਾਬੀ ਵਿਰਸੇ ਨਾਲ ਖ਼ਾਸ ਸਾਂਝ ਪਵਾਉਂਦੇ ਹਨ। ਸਾਉਣ ਮਹੀਨੇ 'ਚ ਕੁੜੀਆਂ ਇੱਕਠੀਆਂ ਹੋ ਕੇ ਤੀਆਂ ਮਨਾਉਂਦੀਆਂ ਅਤੇ ਬੋਲੀਆਂ ਪਾਉਂਦੀਆਂ। ਇਸ ਤੋਂ ਬਾਅਦ ਭਾਦੋਂ ਮਹੀਨਾ ਆਉਂਦਾ ਹੈ ਜਿਸ ਬਾਰੇ ਕਈ ਕਹਾਵਤਾਂ ਜੁੜੀਆਂ ਹੋਈਆਂ ਹਨ, ਜਿਵੇਂ ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ..., ਭਾਦੋਂ ਦਾ ਭਜਾਇਆ ਜੱਟ, ਸਾਧ ਹੋ ਗਿਆ, ਭਾਦੋਂ ਦੀ ਤਿੜਕੀ, ਮਤਰੇਈ ਦੀ ਝਿੜਕੀ, ਗਿੰਦੜ-ਗਿੰਦੜੀ ਦਾ ਵਿਆਹ ਆਦਿ।

ਪੁਰਾਣੇ ਸਮਿਆਂ ਵਿਚ ਔਰਤਾਂ ਇੱਕਠੀਆਂ ਹੋ ਕੇ ਇਸ ਮਹੀਨੇ ਹੱਥਾ ਨਾਲ ਘੜਿਆਂ ਉੱਪਰ ਆਟੇ ਦੀਆਂ ਸੇਵੀਆਂ ਵੱਟਦੀਆਂ ਹੁੰਦੀਆਂ ਸਨ। ਫਿਰ ਬਾਹਰੋਂ ਕਰੀਰਾਂ ਦੇ ਦਰੱਖਤਾਂ ਦੀਆਂ ਟਾਹਣੀਆਂ ਘਰ ਲਿਆਂ ਕੇ ਜਾਂ ਮੰਜੇ ਆਦਿ ਨੂੰ ਉਲਟਾ ਕਰ ਕੇ ਉਸ ਉੱਤੇ ਵਿਹੜੇ ਵਿਚ ਸੁਕਾਉਂਦੀਆਂ ਸਨ। ਇਸ ਮਹੀਨੇ ਪਤਾ ਨਹੀਂ ਚੱਲਦਾ ਸੀ ਕਦੋਂ ਮੀਂਹ ਦਾ ਛਰਾਟਾ ਆ ਜਾਵੇ ਅਤੇ ਸਭ ਕੁਝ ਗਿੱਲਾ ਹੋ ਜਾਵੇ। ਕਈ ਵਾਰ ਮੀਂਹ ਦੇ ਛੁਰਾਟਿਆਂ ਕਾਰਨ ਆਟਾ ਗੁੰਨ੍ਹਿਆਂ ਹੀ ਰਹਿ ਜਾਂਦਾ ਸੀ, ਕਿਉਂਕਿ ਮੀਂਹ ਕਰਕੇ ਸੇਵੀਆਂ ਨੂੰ ਸੁਕਾਇਆ ਨਹੀਂ ਜਾਂਦਾ ਸੀ। ਇਸ ਤੋਂ ਇਲਾਵਾ ਉਦੋਂ ਹੁਣ ਵਾਂਗ ਗੈਸ-ਸਿਲੰਡਰ ਵੀ ਨਹੀਂ ਹੁੰਦੇ ਸਨ। ਬੁੱਲ੍ਹੇ ਵਿਚ ਬਣਾਏ ਚੁੱਲ੍ਹੇ-ਚੌਕਿਆਂ 'ਤੇ ਮੀਂਹ ਕਾਰਨ ਕੰਮ ਨਹੀਂ ਸਨ ਹੁੰਦੇ, ਜਿਸ ਕਰਕੇ ਰੋਟੀ ਆਦਿ ਪਕਾਉਣ ਲਈ ਵੀ ਦੇਰ ਹੋ ਜਾਂਦੀ ਅਤੇ ਆਟੇ ਗੁੰਨ੍ਹੇ ਹੀ ਰਹਿ ਜਾਂਦੇ। ਜਿਸ ਕਰਕੇ ਇਹ ਕਹਾਵਤ ਭਾਦੋਂ ਦੇ ਮਹੀਨੇ ਦੀ ਬਣਾਈ ਹੋਈ ਹੈ, "ਭਾਦੋਂ ਦੇ ਛਰਾਟੇ, ਗੁੰਨ੍ਹੇ ਰਹਿ ਜਾਣ ਆਟੇ"। ਹੁਣ ਵੈਸੇ ਪਹਿਲਾਂ ਵਾਲੇ ਮੌਸਮ ਵੀ ਨਹੀਂ ਰਹੇ ਅਤੇ ਸਾਧਨਾਂ ਵਿਚ ਵੀ ਬਦਲਾਅ ਆ ਗਿਆ ਹੈ। ਹੁਣ ਸੇਵੀਆਂ ਵੱਟਣ ਦੇ ਤਰੀਕੇ ਵੀ ਬਦਲ ਚੁੱਕੇ ਹਨ। ਮਸ਼ੀਨਾਂ ਆਦਿ ਨਾਲ ਸੇਵੀਆਂ ਵੱਟੀਆਂ ਜਾਂਦੀਆਂ ਹਨ। ਹੁਣ ਮਸ਼ੀਨੀਕਰਨ ਨੇ ਸਭ ਕੁਝ ਹੀ ਬਦਲ ਕੇ ਰੱਖ ਦਿੱਤਾ ਹੈ।

ਭਾਦੋਂ ਦੇ ਮਹੀਨੇ ਵਿਚ ਜਿੱਥੇ ਮੀਂਹ ਦੇ ਛਰਾਟੇ ਆਉਂਦੇ ਹਨ, ਉੱਥੇ ਧੁੱਪ ਬਹੁਤ ਤੇਜ਼ ਪੈਂਦੀ ਹੈ

ਕੀ ਹੈ ਹਿਪਨੋਟਿਜ਼ਮ

ਹਿਪਨੋਟਿਜ਼ਮ ਮਾਨਸਿਕ ਰੋਗਾਂ ਲਈ ਕਾਫ਼ੀ ਹੱਦ ਤਕ ਲਾਹੇਵੰਦ ਮੰਨੀ ਜਾਣ ਵਾਲੀ ਪ੍ਰਕਿਰਿਆ ਹੈ ਪਰ ਇਸ ਨੂੰ ਇਲਾਜ ਲਈ ਵਰਤੇ ਜਾਣ ਵਾਲੇ ਮਾਹਿਰਾਂ ਦੀ ਘਾਟ ਹੋਣ ਕਰ ਕੇ ਇਸ ਕਲਾ ਦੀ ਜਾਣਕਾਰੀ ਬਹੁਤ ਘੱਟ ਲੋਕਾਂ ਨੂੰ ਹੈ, ਸਵਾਲ ਇਹ ਵੀ ਪੈਦਾ ਹੁੰਦਾ ਹੈ ਕਿ ਜੇ ਹਿਪਨੋਟਿਜ਼ਮ ਸੱਚਮੁਚ ਮਾਨਸਿਕ ਰੋਗਾਂ ਅਤੇ ਕਈ ਹੋਰ ਦਿਮਾਗ਼ੀ ਸਿਸਟਮ ਲਈ ਲਾਹੇਵੰਦ ਹੈ ਤਾਂ ਫਿਰ ਇਸ ਦੀ ਜਾਣਕਾਰੀ ਘੱਟ ਲੋਕਾਂ ਨੂੰ ਕਿਉਂ? ਹਿਪਨੋਟਿਜ਼ਮ ਸਾਇੰਸ ਦੀ ਸਰਾਹੁਣਯੋਗ ਪ੍ਰਕਿਰਿਆ ਹੈ। ਇਸ ਵਿਚ ਮੁਹਾਰਤ ਹਾਸਲ ਕਰਨ ਲਈ ਕਾਫ਼ੀ ਅਭਿਆਸ ਅਤੇ ਬੜੀ ਸੂਝ-ਬੂਝ ਦੀ ਲੋੜ ਹੈ ਪਰ ਇਸ ਪ੍ਰਣਾਲੀ ਵਿਚ ਲੋਕਾਂ ਦਾ ਰੁਝਾਨ ਘੱਟ ਹੀ ਜਾਪਦਾ ਹੈ। ਜਿਸ ਕਰ ਕੇ ਲੋਕਾਂ ਨੂੰ ਇਸ ਬਾਰੇ ਏਨਾ ਪਤਾ ਨਹੀਂ ਚਲਦਾ ਜਿੰਨਾ ਚਾਹੀਦਾ ਹੈ। ਜੋ ਇਨਸਾਨ ਇਸ ਕਲਾ ਵਿਚ ਮੁਹਾਰਤ ਹਾਸਲ ਕਰਦਾ ਹੈ ਕਾਫ਼ੀ ਗਿਆਨਵਾਨ ਮੰਨਿਆ ਜਾਂਦਾ ਹੈ। ਕਿਉਂਕਿ ਬਿਨਾਂ ਦਵਾਈਆ ਮਾਨਸਿਕ ਰੋਗਾਂ ਦਾ ਇਲਾਜ ਕਰਨਾ ਇਕ ਜਾਦੂ ਦੀ ਤਰ੍ਹਾਂ ਹੈ। ਹਿਪਨੋਟਿਜ਼ਮ ਦੇ ਮਤਲਬ ਸੰਮੋਹਨ ਦੀ ਨੀਂਦ ਹੈ, ਇਸ ਪ੍ਰਕਿਰਿਆ ਵਿਚ ਇਨਸਾਨ ਸੰਮੋਹਕ ਨੀਂਦ ਵਿਚ ਜਾਂਦਾ ਹੈ। ਭਾਵ ਨਾ ਸੌਣ ਦੀ ਹਾਲਤ ਵਿਚ ਹੁੰਦਾ ਹੈ ਤੇ ਨਾ ਜਾਗਦਾ ਹੁੰਦਾ ਹੈ। ਮਰੀਜ਼ ਜਾਂ ਲੋੜਵੰਦ ਨੂੰ ਇਸ ਸਥਿਤੀ ਤਕ ਲੈ ਕੇ ਜਾਣ ਲਈ ਮੌਕੇ ਅਨੁਸਾਰ ਵੱਖ-ਵੱਖ ਆਦੇਸ਼ ਦੇ ਕੇ ਹਿਪਨੋਟਾਈਜ਼ ਕੀਤਾ ਜਾਂਦਾ ਹੈ। ਜਿਵੇਂ ਸ਼ੁਰੂ ਵਿਚ ਨਜ਼ਰ ਕਿਸੇ ਖ਼ਾਸ (ਪੁਆਇੰਟ) ਚੀਜ਼ 'ਤੇ ਟਿਕਾਉਣ ਲਈ ਕਿਹਾ ਜਾਂਦਾ ਹੈ।। ਉਸ ਦਰਮਿਆਨ ਵੱਖ-ਵੱਖ ਫੀਲਿੰਗ ਮਰੀਜ਼ ਨੂੰ ਦਿੱਤੀਆਂ ਜਾਂਦੀਆਂ ਹਨ।

ਮਾਹਿਰ ਫੀਲਿੰਗ ਰਾਹੀਂ ਮਰੀਜ਼/ਲੋੜਵੰਦ ਦੀਆਂ ਪਲਕਾਂ ਭਾਰੀ ਹੋਣ, ਨੀਂਦ ਮਹਿਸੂਸ ਹੋਣ ਆਦਿ ਉਹ ਸਾਰੀਆਂ ਗੱਲਾਂ ਕਰਦਾ ਹੈ, ਜਿਸ ਨਾਲ ਮਰੀਜ਼ ਪੂਰੀ ਤਰ੍ਹਾਂ ਸੰਮੋਹਨ ਨੀਦ (ਹਿਪਨੋਟਿਜ਼ਮ) ਵਿਚ ਚਲਿਆ ਜਾਂਦਾ ਹੈ। ਉਸ ਤੋਂ ਬਾਅਦ ਮਾਹਿਰ ਜੋ ਆਦੇਸ਼ ਦਿੰਦਾ ਹੈ ਰੋਗੀ ਪਾਲਣਾ ਕਰਦਾ ਹੈ।

ਜ਼ਿਆਦਾਤਰ ਇਸ ਤਰ੍ਹਾਂ ਦੇ ਮਾਨਸਿਕ ਰੋਗੀ ਹੁੰਦੇ ਹਨ, ਜੋ ਡਰ, ਵਹਿਮ, ਘਰ ਵਾਲਿਆਂ ਨੂੰ ਫ਼ਜ਼ੂਲ ਤੰਗ ਕਰਨਾ, ਗਾਲ੍ਹਾਂ ਕੱਢਦੇ ਹਨ। ਇਹ ਇਕ ਮਾਨਸਿਕ ਬਿਮਾਰੀ ਹੈ ਜਿਸ ਦਾ ਨਾਂ 'ਮਕੈਨੋਫੋਨੀਆ' ਹੈ। ਜਿਸ ਦੇ ਡਾਕਟਰੀ ਇਲਾਜ ਦੀ ਥਾਂ ਲੋਕ ਬਾਬਿਆਂ, ਧਾਗੇ, ਤਵੀਤ, ਟੂਣੇ ਆਦਿ ਵਿਚ ਫਸੇ ਰਹਿਦੇ ਹਨ। ਉਹ ਤਾਂ ਖ਼ੁਦ ਮਾਨਸਿਕ ਰੋਗੀ ਹੁੰਦੇ ਹਨ। ਹਿਪਨੋਟਿਜ਼ਮ ਬਾਰੇ ਗੱਲ ਕਰੀਏ ਇਸ ਨੂੰ ਤੁਸੀਂ ਕਈ ਵਾਰ ਜ਼ਰੂਰ ਖ਼ੁਦ ਵੇਖ ਚੁੱਕੇ ਹੋਵੋਗੇ ਪਰ ਜਾਣਕਾਰੀ ਨਾ ਹੋਣ ਕਰ ਕੇ ਮਹਿਸੂਸ ਨਹੀਂ ਕੀਤਾਂ ਹਵੇਗਾ ਅਤੇ ਇਸ ਨੂੰ ਜਾਦੂ ਸਮਝ ਬੈਠੇ। ਮਦਾਰੀ ਆਪਣੀ ਖੇਡ ਕਰਨ ਸਾਡੇ ਪਿੰਡਾਂ, ਸ਼ਹਿਰਾਂ, ਮੁਹੱਲਿਆਂ ਵਿਚ ਆਉਂਦਾ ਹੈ। ਉਹ ਸਾਡੇ ਵਿਚੋਂ ਹੀ ਇਕ ਵਿਅਕਤੀ ਨੂੰ ਜਿਸ ਨੂੰ ਉਹ ਜਾਣਦਾ ਨਹੀਂ ਹੁੰਦਾ, ਨੂੰ ਆਪਣੇ ਖੇਡ ਦਾ ਹਿੱਸਾ ਬਣਾਉਂਦਾ। ਉਸ ਨਾਲ ਮਜ਼ਾਕ ਕਰਦਾ, ਮਜ਼ਾਕ-ਗੱਲਾਂ ਵਿਚ ਉਸ ਵਿਅਕਤੀ 'ਤੇ ਏਨਾ ਪ੍ਰਭਾਵ ਛੱਡਦਾ ਉਹ ਉਸ ਨੂੰ ਕਹਿੰਦਾ ਕਿ ਤੇਰਾ ਫਲਾਣਾ ਅੰਗ ਮੈਂ ਗ਼ਾਇਬ ਕਰ ਦਿੱਤਾ ਵਿਅਕਤੀ ਮਹਿਸੂਸ ਕਰਨ 'ਤੇ ਰੌਲਾ ਪਾਉਂਦਾ ਕਿ ਮੈਨੂੰ ਠੀਕ ਕਰੋ। ਉਸ ਵਿਅਕਤੀ ਦੇ ਹਾਵ-ਭਾਵ ਵੇਖ ਕੇ ਸਾਫ਼ ਅੰਦਾਜ਼ਾ ਲਗਦਾ ਉਹ ਸੱਚ-ਮੁਚ ਪੂਰਾ ਘਬਰਾਇਆ ਹੁੰਦਾ ਤੇ ਮਦਾਰੀ ਦੀ ਗੱਲ ਨੂੰ ਸੱਚ ਸਮਝਦਾ। ਜਦ ਕਿ ਇਹ ਮੁਮਕਿਨ ਨਹੀਂ ਅਤੇ ਐਸਾ ਕੁਝ ਹੋਇਆ ਨਹੀਂ ਹੁੰਦਾ। ਲੋਕ ਇਸ ਨੂੰ ਜਾਦੂ ਸਮਝ ਲੈਂਦੇ ਨੇ ਅਸਲ ਵਿਚ ਹੈ ਇਕ ਸਾਇੰਸ। ਇਹ ਉਦਾਹਰਨ ਹਿਪਨੋਟਿਜ਼ਮ ਨੂੰ ਸਮਝਣ ਲਈ ਕਾਫ਼ੀ ਹੈ। ਬਹੁਤਿਆਂ ਨੇ ਵੇਖਿਆ ਤੇ ਕੁਝ ਕੁ ਨੇ ਮਹਿਸੂਸ ਵੀ ਕੀਤਾ ਹੋਣਾ ਹੈ ਅਤੇ ਸਮਝ ਗਏ ਹੋਣਗੇ ਹਿਪਨੋਟਿਜ਼ਮ ਕਿਵੇਂ ਅਸਰ ਕਰਦਾ ਹੈ।

ਇਸੇ ਤਰ੍ਹਾਂ ਮਾਹਿਰ ਮਾਨਸਿਕ ਰੋਗੀ ਨੂੰ ਹਿਪਨੋਟਿਜ਼ਮ ਕਰ ਕੇ ਪੁੱਛਦਾ ਹੈ ਕਿ ਤੂੰ ਇਸ ਤਰ੍ਹਾਂ ਕਿਉਂ ਕਰਦੀ ਹੈ ਜਾਂ ਕਰਦਾ ਹੈਂ। ਜਦੋਂ ਮਾਹਿਰ ਵੱਲੋਂ ਪ੍ਰਕਿਰਿਆ ਰਾਹੀਂ ਪੁੱਛਿਆ ਜਾਂਦਾ ਹੈ, ਸਭ ਸੱਚ-ਸੱਚ ਬੋਲ ਦਿੰਦੇ ਹਨ ਕਿਉਂਕਿ ਉਹ ਸੰਮੋਹਕ ਨੀਂਦ (ਹਿਪਨੋਟਿਜ਼ਮ) ਵਿਚ ਹੁੰਦੇ ਹਨ।

ਹਿਪਨੋਟਿਜ਼ਮ ਸਾਇੰਸ ਦੀ ਸਲਾਹੁਣਯੋਗ ਪ੍ਰਕਿਰਿਆ ਹੈ। ਇਸ 'ਚ ਮੁਹਾਰਤ ਹਾਸਲ ਕਰਨ ਲਈ ਅਭਿਆਸ ਦੀ ਲੋੜ ਹੈ...

• ਜੁਝਾਰ ਹਰੀਗੜ੍ਹ 'ਖੁਸ਼ਦਿਲ'
ਮੋਬਾ:- 94172-10015, 97818-10074

ਇਸ ਤਰ੍ਹਾਂ ਦੀ ਡਾਇਟ ਨਾਲ ਮੋਟਾਪਾ ਹੋਵੇਗਾ ਘੱਟ

ਮੋਟਾਪਾ ਹਰ ਇਕ ਬਿਮਾਰੀ ਦਾ ਕਾਰਨ ਮੰਨਿਆ ਜਾਂਦਾ ਹੈ। ਇਸ ਤੋਂ ਬਚਣ ਲਈ ਲੋਕ ਡਾਈਟਿੰਗ ਦਾ ਸਹਾਰਾ ਲੈਂਦੇ ਹਨ। ਕੁਝ ਲੋਕ ਤਾਂ ਡਾਈਟਿੰਗ ਦੇ ਨਾਂ 'ਤੇ ਖਾਣਾ ਬਹੁਤ ਘਟ ਕਰ ਦਿੰਦੇ ਹਨ। ਜਿਸ ਨਾਲ ਭਾਰ ਘਟ ਹੋਣਾ ਤਾਂ ਦੂਰ ਸਰੀਰ 'ਚ ਕਮਜ਼ੋਰੀ ਜ਼ਿਆਦਾ ਆ ਜਾਂਦੀ ਹੈ। ਡਾਈਟਿੰਗ ਕਰਨਾ ਚਾਹੁੰਦੇ ਹੋ ਤਾਂ ਇਕ ਦਮ ਨਾਲ ਖਾਣਾ ਛੱਡਣ ਦੀ ਬਜਾਏ ਡਾਈਟ ਚਾਰਟ ਦਾ ਸਹਾਰਾ ਲਵੋ। ਹੌਲੀ-ਹੌਲੀ ਇਸ 'ਚ ਕੈਲੋਰੀਜ਼ ਫੂਡ ਸ਼ਾਮਲ ਕਰੋ। ਕਸਰਤ ਦੇ ਨਾਲ-ਨਾਲ ਵਧੀਆ ਡਾਈਟ ਦਾ ਹੋਣਾ ਵੀ ਜ਼ਰੂਰੀ ਹੈ। ਇਸ ਤਰ੍ਹਾਂ ਬਣਾਓ ਫੂਡ ਚਾਰਟ।

ਸਵੇਰ ਸਮੇਂ

ਸਵੇਰੇ ਉੱਠਦੇ ਹੀ ਖ਼ਾਲੀ ਪੇਟ ਰਹਿਣ ਨਾਲ ਗੈਸ ਦੀ ਪਰੇਸ਼ਾਨੀ ਹੋ ਸਕਦੀ ਹੈ। ਜ਼ਿਆਦਾ ਦੇਰ ਭੁੱਖੇ ਰਹਿਣਾ 'ਤੇ ਫਿਰ ਇਕ ਦਮ ਪੇਟ ਭਰ ਕੇ ਖਾਣ ਨਾਲ ਵੀ ਭਾਰ ਵਧਣ ਲੱਗਦਾ ਹੈ। ਥੋੜ੍ਹੇ-ਥੋੜ੍ਹੇ ਸਮੇਂ ਬਾਅਦ ਕੁਝ ਨਾ ਕੁਝ ਖਾਣਾ ਚਾਹੀਦਾ ਹੈ।

ਨਾਸ਼ਤਾ

ਨਾਸ਼ਤਾ ਕਰਨਾ ਬਹੁਤ ਜ਼ਰੂਰੀ ਹੈ। ਜੇ ਤੁਸੀਂ ਸਵੇਰੇ ਕੁਝ ਨਹੀਂ ਖਾਂਦੇ ਤਾਂ ਸਾਰਾ ਦਿਨ ਸੁਸਤੀ ਪਈ ਰਹੇਗੀ। ਇਕ ਨਾਸ਼ਤਾ ਹਮੇਸ਼ਾ 8-9 ਵਜੇ ਖਾਣਾ ਚਾਹੀਦਾ ਹੈ। ਇਸ 'ਚ ਤੁਸੀਂ 1 ਕੱਪ ਦੁੱਧ 'ਚ 1 ਚਮਚ ਚੀਨੀ ਤੇ 2 ਚਮਚ ਔਟਰਸ ਪਾ ਕੇ ਖਾਉ। ਬਰੇਕਫਾਸਟ ਦੇ 2 ਘੰਟੇ ਬਾਅਦ 1 ਕੱਪ ਗ੍ਰੀਨ ਟੀ ਤੇ 1 ਫਲ ਖਾਓ।

ਦੁਪਹਿਰ ਦਾ ਖਾਣਾ

ਦੁਪਹਿਰ ਨੂੰ ਇਕ ਕਟੋਰੀ ਸਬਜ਼ੀ, 1 ਕਟੋਰੀ ਦਹੀਂ, 1 ਰੋਟੀ ਤੇ ਸਲਾਦ ਖਾਉ। ਖਾਣੇ 'ਚ ਦੇਸੀ ਘਿਓ ਦਾ ਸੇਵਨ ਘੱਟ ਕਰੋ।

ਸ਼ਾਮ ਦੀ ਚਾਹ

ਸ਼ਾਮ ਨੂੰ ਭੁੱਖ ਤੰਗ ਕਰੇ ਤਾਂ 1 ਕੱਪ ਚਾਹ ਦੇ ਨਾਲ ਕੁਝ ਹਲਕਾ ਜਿਹਾ ਖਾ ਲਵੋ।

ਸ਼ਾਮ ਨੂੰ ਸਨੈਕਸ

ਸ਼ਾਮ ਦੇ ਸਮੇਂ ਹਲਕਾ ਫੁਲਕਾ ਖਾਣਾ ਚਾਹੀਦਾ ਹੈ। ਇਸ ਸਮੇਂ ਬਿਨਾਂ ਮੱਖਣ ਦੇ ਵੈਜੀਟੇਬਲ ਸੂਪ ਪੀ ਸਕਦੇ ਹੋ। ਇਸ ਤੋਂ ਬਾਅਦ ਕਸਰਤ ਕਰੋ।

ਰਾਤ ਦਾ ਖਾਣਾ

ਰਾਤ ਨੂੰ ਇਕ ਰੋਟੀ, ਅੱਧੀ ਕਟੋਰੀ ਦਾਲ, ਅੱਧੀ ਕਟੋਰੀ ਦਾਲ ਖਾਓ। ਇਸ ਦੇ ਨਾਲ ਹੀ ਪੂਰਾ ਦਿਨ 8-10 ਗਿਲਾਸ ਪਾਣੀ ਪੀਣ ਨਾਲ ਭਾਰ ਘੱਟ ਜਾਵੇਗਾ। •

ਪਾਚਣ ਸ਼ਕਤੀ ਕਰੋ ਮਜ਼ਬੂਤ

ਅੱਜਕੱਲ੍ਹ ਆਪਣੀ ਸਿਹਤ ਨੂੰ ਲੈ ਕੇ ਹਰ ਕੋਈ ਪਰੇਸ਼ਾਨ ਰਹਿੰਦਾ ਹੈ। ਆਏ ਦਿਨ ਪੇਟ ਨਾਲ ਜੁੜੀ ਕੋਈ ਨਾ ਕੋਈ ਪਰੇਸ਼ਾਨੀ ਆਮ ਹੀ ਸੁਣਨ 'ਚ ਆਉਂਦੀ ਹੈ ਤੇ ਸਿਹਤ ਨਾਲ ਜੁੜੀਆਂ ਹੋਰ ਵੀ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਨ੍ਹਾਂ ਪਰੇਸ਼ਾਨੀਆਂ ਤੋਂ ਛੁਟਕਾਰਾ ਪਾਉਣਾ ਹੈ ਤਾਂ ਪਾਚਨ ਸ਼ਕਤੀ ਨੂੰ ਮਜ਼ਬੂਤ ਬਣਾਉਣਾ ਬਹੁਤ ਜ਼ਰੂਰੀ ਹੈ।

ਧਨੀਆਂ :- ਰੋਜ਼ ਖ਼ਾਲੀ ਪੇਟ ਥੋੜ੍ਹਾ ਜਿਹਾ ਧਨੀਆਂ ਖਾਣ ਨਾਲ ਪੇਟ ਦੀ ਸਮੱਸਿਆ ਦੂਰ ਹੋ ਜਾਵੇਗੀ।

ਸੌਂਫ ਤੇ ਮਿਸ਼ਰੀ :- ਖਾਣਾ ਖਾਣ ਤੋਂ ਬਾਅਦ ਸੌਂਫ ਦੇ ਨਾਲ ਮਿਸ਼ਰੀ ਖਾਣਾ ਫ਼ਾਇਦੇਮੰਦ ਹੈ।

ਵੱਡੀ ਇਲਾਇਚੀ ਤੇ ਸ਼ਹਿਦ :- ਹਰ ਰੋਜ਼ ਸਵੇਰੇ ਦੇ ਸਮੇਂ ਚੁਟਕੀ ਇਲਾਇਚੀ ਦੇ ਪਾਊਡਰ 'ਚ ਸ਼ਹਿਦ ਮਿਲਾ ਕੇ ਖਾਣ ਨਾਲ ਪਾਚਣ ਸ਼ਕਤੀ ਠੀਕ ਹੋ ਜਾਵੇਗੀ। ਠੀਕ ਹੋਣ ਤੋਂ ਬਾਅਦ ਇਸ ਨੂੰ ਨਾ ਖਾਓ।

ਨਿੰਬੂ ਤੇ ਜੈਫਲ :- ਡਾਈਜੇਸ਼ਨ ਦੀ ਸਮੱਸਿਆ ਹੈ ਤਾਂ ਨਿੰਬੂ ਦੇ ਰਸ 'ਚ ਜੈਫਲ ਨੂੰ ਮਿਲਾ ਕੇ ਪੀਓ।

ਡਾ: ਰਿਪੁਦਮਨ ਸਿੰਘ
ਮੋਬਾਈਲ 9815200134

ਡਾਊਨ ਸਿੰਡਰੋਮ ਇਕ ਜੱਦੀ-ਪੁਸ਼ਤੀ ਜਾਂ ਕਰੋਮੋਸੋਮ ਜਨਿਤ ਵਿਕਾਰ ਹੈ ਅਤੇ ਇਹ ਇਕ ਜੀਵਨ ਤਕ ਰਹਿਣ ਵਾਲੀ ਹਾਲਤ ਹੈ। ਜੋ ਸਰੀਰ ਵਿਚ ਕਰੋਮੋਸੋਸ ਦਾ ਇਕ ਫਾਲਤੂ ਜੋੜਾ ਬਣਨ ਤੋਂ ਹੁੰਦੀ ਹੈ। ਸਾਧਾਰਨ ਰੂਪ ਤੋਂ ਬੱਚੇ 46 ਕਰੋਮੋਸੋਮ ਦੇ ਨਾਲ ਪੈਦਾ ਹੁੰਦੇ ਹਨ। 23 ਕਰੋਮੋਸੋਮ ਦਾ ਇਕ ਸੇਟ ਬੱਚਾ ਆਪਣੇ ਪਿਤਾ ਤੋਂ ਅਤੇ 23 ਕਰੋਮੋਸੋਮ ਦਾ ਇਕ ਸੇਟ ਉਹ ਆਪਣੀ ਮਾਂ ਤੋਂ ਲੈਂਦਾ ਹੈ। ਡਾਊਨ ਸਿੰਡਰੋਮ ਤੋਂ ਪੀੜ੍ਹਿਤ ਬੱਚਾ ਵਿਚ ਇਕ ਫਾਲਤੂ 21ਵਾਂ ਕਰੋਮੋਸੋਮ ਆ ਜਾਂਦਾ ਹੈ ਜਿਸ ਦੇ ਨਾਲ ਉਸ ਦੇ ਸਰੀਰ ਵਿਚ ਕਰੋਮੋਸੋਸ ਦੀ ਗਿਣਤੀ ਵਧ ਕੇ 47 ਹੋ ਜਾਂਦੀ ਹੈ। ਇਹ ਆਨੁਵਾਂਸ਼ਿਕ ਤਬਦੀਲੀ ਸਰੀਰਕ ਵਿਕਾਸ ਅਤੇ ਮਸਤਸ਼ਕ ਦੇ ਵਿਕਾਸ ਦੀ ਰਫ਼ਤਾਰ ਨੂੰ ਮੱਧਮ ਕਰ ਦਿੰਦੀ ਹੈ ਅਤੇ ਬੱਚਾ ਵਿਚ ਮੱਧਮ ਤੋਂ ਔਸਤ ਬੌਧਿਕ ਵਿਕਲਾਂਗਤਾ ਦਾ ਕਾਰਨ ਬਣਦੀ ਹੈ। ਆਮ ਭਾਸ਼ਾ ਵਿਚ ਇਸ ਵਿਕਾਰ ਵਾਲੇ ਬੱਚਿਆਂ ਨੂੰ ਮੰਗੋਲ ਬੱਚੇ ਵੀ ਕਿਹਾ ਜਾਂਦਾ ਹੈ। ਡਾਊਨ ਸਿੰਡਰੋਮ ਦੇ ਚਿੰਨ੍ਹ ਅਤੇ ਇਸ ਰੋਗ ਦੀ ਗੰਭੀਰਤਾ ਬੱਚੇ ਵਿਚ ਵੱਖ ਵੱਖ ਹੋ ਸਕਦੀ ਹੈ। ਕੁਝ ਬੱਚੇ ਕਾਫ਼ੀ ਤੰਦਰੁਸਤ ਹੋ ਸਕਦੇ ਹਨ। ਜਦੋਂ ਕਿ ਕੁਝ ਨੂੰ ਸਰੀਰਕ ਅਤੇ ਬੌਧਿਕ ਵਿਕਾਸ ਨਾਲ ਜੁੜੀਆਂ ਗੰਭੀਰ ਸਮੱਸਿਆਵਾਂ ਹੋ ਸਕਦੀਆਂ ਹਨ। ਡਾਊਨ ਸਿੰਡਰੋਮ ਨਾਲ ਪੀੜ੍ਹਿਤ ਬੱਚਿਆਂ ਵਿਚ ਵਿਕਾਸ ਦੇਰੀ ਨਾਲ ਹੁੰਦਾ ਹੈ ਅਤੇ ਸਾਧਾਰਨ ਸਰੀਰਕ ਵਿਕਾਸ ਵਾਲੇ ਬੱਚਿਆਂ ਦੀ ਆਸ਼ਾ ਡਾਊਨ ਸਿੰਡਰੋਮ ਵਾਲੇ ਬੱਚਿਆਂ ਵਿਚ ਵਿਕਾਸ ਕਾਫ਼ੀ ਦੇਰ ਨਾਲ ਹੋ ਪਾਉਂਦਾ ਹੈ।

ਸਾਧਾਰਨ ਨਿਸ਼ਾਨੀਆਂ

ਚਪਟਾ ਚਿਹਰਾ, ਖ਼ਾਸ ਕਰ ਕੇ ਨੱਕ ਦੀ ਚਪਟੀ ਨੋਕ, ਅੰਦਰ ਦੇ ਵੱਲ ਝੁਕੀ ਹੋਈ ਅੱਖ, ਛੋਟੀ ਗਰਦਨ ਅਤੇ ਛੋਟੇ ਕੰਨ, ਮੂੰਹ ਤੋਂ ਬਾਹਰ ਨਿਕਲਦੀ ਰਹਿਣ ਵਾਲੀ ਜੀਭ, ਮਾਂਸਪੇਸ਼ੀਆਂ ਵਿਚ ਕਮਜ਼ੋਰੀ, ਢਿੱਲੇ ਜੋੜ ਅਤੇ ਬਹੁਤ ਜ਼ਿਆਦਾ ਲਚਕੀਲਾਪਨ, ਚੌੜੇ, ਛੋਟੇ ਹੱਥ, ਹਥੇਲੀ ਵਿਚ ਇਕ ਲਕੀਰ, ਟਾਕਰੇ 'ਤੇ ਛੋਟੀ ਉਂਗਲੀਆਂ, ਛੋਟੇ ਹੱਥ ਅਤੇ ਪੈਰ, ਛੋਟਾ ਕੱਦ, ਅੱਖ ਦੀ ਪੁਤਲੀ ਵਿਚ ਛੋਟੇ ਸਫ਼ੇਦ ਧੱਬੇ ਆਦਿ ਕੁਝ ਨਿਸ਼ਾਨੀਆਂ ਵਿਖਾਈ ਦਿੰਦੀਆ ਹਨ।

ਕਾਰਨ

ਡਾਊਨ ਸਿੰਡਰੋਮ ਸਰੀਰ ਵਿਚ ਕਰੋਮੋਸੋਸ ਦੀ ਗ਼ੈਰ ਮਾਮੂਲੀ ਗਿਣਤੀ ਦੀ ਵਜ੍ਹਾ ਕਾਰਨ ਹੁੰਦਾ ਹੈ। ਪਹਿਲਾਂ ਗੱਲ ਕਰ ਚੁੱਕੇ ਹਾਂ ਕਿ ਸਾਧਾਰਨ ਤੌਰ 'ਤੇ ਵਿਅਕਤੀ ਦੇ ਸਰੀਰ ਵਿਚ 46 ਕਰੋਮੋਸੋਮ ਹੁੰਦੇ ਹਨ ਪਰ ਡਾਊਨ ਸਿੰਡਰੋਮ ਤੋਂ ਪੀੜਤ ਵਿਅਕਤੀ ਵਿਚ 47 ਕਰੋਮੋਸੋਮ ਆ ਜਾਂਦੇ ਹਨ। ਕਰੋਮੋਸੋਮ ਦਾ ਇਕ ਫਾਲਤੂ ਜੋੜਾ ਸਰੀਰ ਅਤੇ ਦਿਮਾਗ਼ ਦੇ ਵਿਕਾਸ ਨੂੰ ਪ੍ਰਭਾਵਿਤ ਕਰਦਾ ਹੈ।

ਕਿਸਮਾਂ

ਟਰਾਇਸੋਮੀ 21 : ਇਹ ਸਰੀਰ ਵਿਚ ਕਰੋਮੋਸੋਮ ਦੀ ਫਾਲਤੂ ਗਣਿਤੀ ਨੂੰ ਪਰਿਭਾਸ਼ਿਤ ਕਰਨ ਵਾਲੀ ਚਿਕਿਤਸਾ ਟਰਮ ਹੈ। ਇਹ ਪਾਇਆ ਗਿਆ ਹੈ ਕਿ ਡਾਊਨ ਸਿੰਡਰੋਮ ਦੇ 96ਫ਼ੀਸਦੀ ਮਾਮਲੇ, ਵਿਅਕਤੀ ਦੀ ਸਾਰੀਆਂ ਕੋਸ਼ਿਕਾਵਾਂ ਵਿਚ ਕਰੋਮੋਸੋਮ 21 ਦੀ ਇਸ ਵਾਧੂ ਗਿਣਤੀ ਦੀ ਵਜ੍ਹਾ ਤੋਂ ਹੁੰਦੀਆਂ ਹਨ।

ਮੋਜੇਕ ਡਾਊਨ ਸਿੰਡਰੋਮ : ਇਹ ਵਿਕਾਰ ਦੀ ਇਕ ਅਨੋਖੀ ਕਿਸਮ ਹੈ ਜਿਸ ਵਿਚ ਸਿਰਫ਼ ਕੁਝ ਕੋਸ਼ਿਕਾਵਾਂ ਵਿਚ ਹੀ ਕਰੋਮੋਸੋਮ 21 ਪਾਉਂਦਾ ਹੈ। ਫਰਟੀਲਾਈਜ਼ੇਸ਼ਨ ਦੇ ਬਾਅਦ ਹੋਣ ਵਾਲੇ ਕੋਸ਼ਿਕਾ ਵਿਭਾਜਨ ਵਿਚ ਕੁਝ ਸਾਧਾਰਨ ਕੋਸ਼ਿਕਾਵਾਂ ਨਿਰਮਿਤ ਹੁੰਦੀਆਂ ਹਨ ਤਾਂ ਕੁਝ ਗੈਰ ਮਾਮੂਲੀ ਕੋਸ਼ਿਕਾਵਾਂ।

ਟਰਾਂਸਲੋਕੇਸ਼ਨ ਡਾਊਨ ਸਿੰਡਰੋਮ : ਇਸ ਵਿਕਾਰ ਵਿਚ ਕਰੋਮੋਸੋਮ 21 ਦਾ ਇਕ ਹਿੱਸਾ ਟੁੱਟ ਕੇ ਹੋਰ ਕਰੋਮੋਸੋਮ ਨਾਲ ਜੁੜ ਜਾਂਦਾ ਹੈ ਭਾਵ ਉੱਥੇ ਸਥਾਪਤ ਹੋ ਜਾਂਦਾ ਹੈ। ਇਹ ਉਹ ਇਕੱਲਾ ਵਿਕਾਰ ਹੈ ਜੋ ਮਾਤਾ ਜਾਂ ਪਿਤਾ ਤੋਂ ਬੱਚੇ ਵਿਚ ਆ ਸਕਦਾ ਹੈ। ਇੱਥੇ ਮਾਂ ਜਾਂ ਪਿਤਾ ਇਸ ਆਨੁਵਾਂਸ਼ਿਕ ਸਮੱਗਰੀ ਦੇ ਵਾਹਕ ਹੁੰਦੇ ਹਨ ਪਰ ਉਹ ਸਾਧਾਰਨ ਅਤੇ ਤੰਦਰੁਸਤ ਹੁੰਦੇ ਹਨ। ਉਹ ਇਸ ਆਨੁਵਾਂਸ਼ਿਕ ਹਾਲਤ ਨੂੰ ਆਪਣੇ ਬੱਚਿਆਂ 'ਚ ਦੇ ਸਕਦੇ ਹਨ ਜਿਸ ਦੇ ਨਾਲ ਡਾਊਨ ਸਿੰਡਰੋਮ ਹੋ ਸਕਦਾ ਹੈ। ਇਸ ਫਾਲਤੂ ਆਨੁਵਾਂਸ਼ਿਕ ਸਮੱਗਰੀ ਨੂੰ ਭੇਜਣ ਦੀ ਸੰਭਾਵਨਾ ਇਸ ਗੱਲ ਉੱਤੇ ਵੀ ਨਿਰਭਰ ਕਰਦੀ ਹੈ ਕਿ ਮਾਤਾ ਜਾਂ ਪਿਤਾ ਵਿੱਚੋਂ ਕੌਣ ਇਸ ਪੁਨਰ ਵਿੰਨਿਸਤ ਕਰੋਮੋਸੋਮ 21 ਦਾ ਵਾਹਕ ਹੈ। ਜੇ ਪਿਤਾ ਵਾਹਕ ਹੈ ਤਾਂ ਜੋਖ਼ਮ ਕਰੀਬ 3 ਫ਼ੀਸਦੀ ਦਾ ਰਹਿੰਦਾ ਹੈ। ਜੇ ਮਾਂ ਵਾਹਕ ਹੈ ਤਾਂ ਜੋਖ਼ਮ 10 ਤੋਂ 15 ਫ਼ੀਸਦੀ ਦਾ ਰਹਿੰਦਾ ਹੈ।

ਮੁਸ਼ਕਿਲਾਂ

ਡਾਊਨ ਸਿੰਡਰੋਮ ਵਾਲੇ ਕੁਝ ਬੱਚਿਆਂ ਵਿਚ ਜਨਮ ਤੋਂ ਜੁੜੀ ਕੁਝ ਖ਼ਾਸ ਵਿਕ੍ਰਿਤੀਯਾਂ ਜਾਂ ਚਿਕਿਤਸਾ ਸਮੱਸਿਆਵਾਂ ਹੋ ਸਕਦੀਆਂ ਹਨ। ਇਸ

ਲੁਧਿਆਣਾ ਪ੍ਰਸ਼ਾਸਨ ਵੱਲੋਂ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਦੀ ਧਰਮ ਪਤਨੀ ਚਰਨਜੀਤ ਕੌਰ ਦਾ ਹਰਿਆਣਾ ਵਿਖੇ ਜਾ ਕੇ ਕੀਤਾ ਗਿਆ ਵਿਸ਼ੇਸ਼ ਸਨਮਾਨ

ਲੁਧਿਆਣਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਜੀ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਤਹਿਸੀਲਦਾਰ ਖੰਨਾ ਸ੍ਰੀ ਮਨਿੰਦਰ ਸਿੰਘ ਅਤੇ ਉਨ੍ਹਾਂ ਦੀ ਟੀਮ ਵੱਲੋਂ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੀ ਧਰਮ ਪਤਨੀ ਸ੍ਰੀਮਤੀ ਚਰਨਜੀਤ ਕੌਰ ਦਾ ਪਿੰਡ ਬੜੌਲਾ, ਤਹਿਸੀਲ ਤੇ ਜ਼ਿਲ੍ਹਾ ਅੰਬਾਲਾ, ਹਰਿਆਣਾ ਵਿਖੇ ਵਿਸ਼ੇਸ਼ ਤੌਰ ਤੇ ਜਾ ਕੇ 15 ਅਗਸਤ, ਦਿਨ ਵੀਰਵਾਰ ਨੂੰ ਸਨਮਾਨ ਕੀਤਾ ਗਿਆ।

ਇੱਥੇ ਦੱਸਣਯੋਗ ਹੋਵੇਗਾ ਕਿ ਮਾਤਾ ਚਰਨਜੀਤ ਕੌਰ ਦੀ ਸਿਹਤ ਠੀਕ ਨਾ ਹੋਣ ਕਾਰਨ ਉਹ ਪਿੰਡ ਈਸੜੂ (ਖੰਨਾ) ਵਿਖੇ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੇ ਸ਼ਹੀਦੀ ਦਿਵਸ ਤੇ ਪੰਜਾਬ ਸਰਕਾਰ ਵੱਲੋਂ ਕਰਵਾਏ ਗਏ ਰਾਜ ਪੱਧਰੀ ਸਮਾਗਮ ਵਿੱਚ ਪਹੁੰਚ ਨਹੀਂ ਸਕੇ ਸਨ।

ਜਿਸ ਕਾਰਨ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਜੀ ਦੇ ਆਦੇਸ਼ ਤੇ ਜ਼ਿਲ੍ਹਾ ਪ੍ਰਸ਼ਾਸਨ ਲੁਧਿਆਣਾ ਵੱਲੋਂ ਉਨ੍ਹਾਂ ਦੀ ਰਿਹਾਇਸ਼ ਪਿੰਡ ਬੜੌਲਾ, ਹਰਿਆਣਾ ਵਿਖੇ ਜਾ ਵਿਸ਼ੇਸ਼ ਸਨਮਾਨ ਕੀਤਾ ਗਿਆ।

ਤਹਿਸੀਲਦਾਰ ਖੰਨਾ ਸ੍ਰੀ ਮਨਿੰਦਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਜੀ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਹਰ ਸਾਲ ਗੋਆ ਦੀ ਆਜ਼ਾਦੀ ਦੇ ਨਾਇਕ ਸ਼ਹੀਦ ਮਾਸਟਰ ਕਰਨੈਲ ਸਿੰਘ ਈਸੜੂ ਜੀ ਦੇ ਸ਼ਹੀਦੀ ਦਿਹਾੜੇ ਮੌਕੇ ਰਾਜ ਪੱਧਰੀ ਸਮਾਗਮ ਕਰਵਾ ਕੇ ਉਨ੍ਹਾਂ ਵੱਲੋਂ ਦਿੱਤੀ ਕੁਰਬਾਨੀ ਨੂੰ ਯਾਦ ਕੀਤਾ ਜਾਂਦਾ ਹੈ।

ਉਹਨਾਂ ਕਿਹਾ ਕਿ ਇਹ ਮਹਾਨ ਸ਼ਹੀਦ ਗੋਆ ਨੂੰ ਪੁਰਤਗਾਲੀ ਸਾਮਰਾਜਵਾਦ ਤੋਂ ਮੁਕਤ ਕਰਵਾਉਣ ਦਾ ਨਾਇਕ ਸੀ। ਇਸ ਮਹਾਨ ਸ਼ਹੀਦ ਦਾ ਜੀਵਨ ਅਤੇ ਕੁਰਬਾਨੀ ਸਾਡੇ ਸਾਰਿਆਂ ਲਈ ਪ੍ਰੇਰਨਾ ਸਰੋਤ ਹੈ।

ਨਗਰ ਕੌਂਸਲ ਮਾਛੀਵਾੜਾ ਸਾਹਿਬ ਵਿਖੇ ਆਜ਼ਾਦੀ ਦਿਵਸ ਮੌਕੇ ਲਹਿਰਾਇਆ ਤਿਰੰਗਾ

ਮਾਛੀਵਾੜਾ ਸਾਹਿਬ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਥਾਨਕ ਸ਼ਹਿਰ ਵਿਖੇ ਨਗਰ ਕੌਂਸਲ ਦੇ ਦਫਤਰ ਆਜ਼ਾਦੀ ਦਿਵਸ ਮਨਾਇਆ ਗਿਆ ਇਸ ਮੌਕੇ ਤਿਰੰਗਾ ਝੰਡਾ ਲਹਿਰਾਉਣ ਦੀ ਰਸਮ ਕਾਰਜ ਸਾਧਕ ਅਫਸਰ ਗੁਰਪਾਲ ਸਿੰਘ ਨੇ ਅਦਾ ਕੀਤੀ। ਇਸ ਮੌਕੇ ਪੰਜਾਬ ਪੁਲਿਸ ਦੇ ਜਵਾਨਾਂ ਨੇ ਤਿਰੰਗੇ ਝੰਡੇ ਨੂੰ ਸਲਾਮੀ ਦਿੱਤੀ।

ਇਸ ਮੌਕੇ ਉਨਾਂ ਨੇ ਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੇਸ਼ ਭਗਤਾਂ ਦੀਆਂ ਦਿੱਤੀਆਂ ਕੁਰਬਾਨੀਆਂ ਸਦਕਾ ਹੀ ਅਸੀਂ ਅੱਜ ਅਜ਼ਾਦ ਹਵਾ ਵਿੱਚ ਸਾਹ ਲੈ ਰਹੇ ਹਾਂ ਅਤੇ ਆਓ ਆਪਾਂ ਸਾਰੇ ਰਲ ਕੇ ਇੱਕ ਪ੍ਰਾਣ ਕਰੀਏ ਦੇਸ਼ ਨੂੰ ਆਜ਼ਾਦ ਕਰਾਉਣ ਵਾਲੇ ਸ਼ਹੀਦਾਂ ਦੀ ਕੁਰਬਾਨੀ ਦੇ ਲਹੂ ਨੂੰ ਹਮੇਸ਼ਾ ਯਾਦ ਰੱਖੀਏ ਅਤੇ ਉਨ੍ਹਾਂ ਦੇ ਦੱਸੇ ਹੋਏ ਰਸਤੇ ਉੱਤੇ ਚੱਲਣ ਦਾ ਪ੍ਰਾਣ ਕਰੀਏ।

ਇਸ ਮੌਕੇ ਸੁਖਵਿੰਦਰ ਸਿੰਘ ਗਿੱਲ, ਮੋਹਿਤ ਕੁੰਦਰਾ (ਸੋਨੂੰ) ਪ੍ਰਧਾਨ ਆੜ੍ਹਤੀ ਐਸੋਸੀਏਸ਼ਨ, ਸੁਖਦੇਵ ਸਿੰਘ ਬਿੱਟੂ ਇੰਸਪੈਕਟਰ, ਸੁਖਵਿੰਦਰ ਸਿੰਘ ਇੰਸਪੈਕਟਰ, ਸੰਜੀਵ ਕੁਮਾਰ, ਅਮਨਦੀਪ ਤਨੇਜਾ, ਦਰਸ਼ਨ ਜੈਨ, ਨਰਿੰਦਰ ਪਾਲ ਨਿੰਦੀ, ਬਲਵਿੰਦਰ ਸਿੰਘ ਮਾਨ, ਸਤਪਾਲ ਵਿਰਦੀ, ਸੁਰਜੀਤ ਸਿੰਘ ਨਰੂਲਾ, ਮੋਨੂੰ ਮੱਕੜ, ਰੋਸ਼ਨ ਲਾਲ ਨੰਬਰਦਾਰ, ਧਰਮਵੀਰ ,ਭੁਪਿੰਦਰ ਸਿੰਘ, ਰਾਜ ਕੁਮਾਰ, ਜਗਬੀਰ ਸਿੰਘ, ਮੇਜਰ ਸਿੰਘ, ਬੱਬਲੂ ,ਸੁਸ਼ੀਲ ਕੁਮਾਰ ,ਸੰਜੀਵ, ਬਿਪਨ ਕੁਮਾਰ, ਨਿਰੰਜਨ ਸੂਖਮ, ਰੋਹਿਤ ਜੈਨ, ਦੀਪਕ ਕੁਮਾਰ ,ਕੁਲਵਿੰਦਰ ਸਿੰਘ, ਧਰਮਪਾਲ ,ਸੁਰਿੰਦਰ ਪਾਲ ਸਿੰਘ ਅਤੇ ਸ਼ਹਿਰ ਨਿਵਾਸੀ ਹਾਜ਼ਰ ਸਨ।

ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਕਰਨ ਵਿੱਚ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਬਣਿਆ ਮੋਹਰੀ: ਡਿਪਟੀ ਕਮਿਸ਼ਨਰ ਸ੍ਰੀ ਮੁਕਤਸਰ ਸਾਹਿਬ

ਸ੍ਰੀ ਮੁਕਤਸਰ ਸਾਹਿਬ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਪੰਜਾਬ ਸਰਕਾਰ ਵੱਲੋਂ ਧਰਤੀ ਹੇਠਲੇ ਪਾਣੀ ਦੇ ਡਿੱਗ ਰਹੇ ਪੱਧਰ ਨੂੰ ਰੋਕਣ ਲਈ ਝੋਨੇ ਦੀ ਸਿੱਧੀ ਬਿਜਾਈ ਤਕਨੀਕ ਨੂੰ ਪੰਜਾਬ ਰਾਜ ਵਿੱਚ ਵੱਡੇ ਪੱਧਰ ਤੇ ਲਾਗੂ ਕਰਨ ਲਈ ਅਹਿਮ ਉਪਰਾਲੇ ਕਰਦੇ ਹੋਏ ਸਿੱਧੀ ਬਿਜਾਈ ਵਾਲੇ ਕਿਸਾਨਾਂ ਨੂੰ 1500/-ਰੁ: ਪ੍ਰਤੀ ਏਕੜ ਪ੍ਰੋਤਸਾਹਨ ਰਾਸ਼ੀ ਦਿੱਤੀ ਜਾਂਦੀ ਹੈ।

ਸ: ਗੁਰਮੀਤ ਸਿੰਘ ਖੁੱਡੀਆਂ ਮਾਨਯੋਗ ਕੈਬਨਿਟ ਮੰਤਰੀ, ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਦੇ ਦਿਸ਼ਾ ਨਿਰਦੇਸ਼ਾਂ ਅਤੇ ਸ੍ਰੀ ਹਰਪ੍ਰੀਤ ਸਿੰਘ ਸੂਦਨ, ਆਈ.ਏ.ਐਸ.,ਮਾਨਯੋਗ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਦੀ ਯੋਗ ਅਗਵਾਈ ਹੇਠ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੇ ਕਿਸਾਨਾਂ ਵੱਲੋਂ ਹੁਣ ਤੱਕ 79592 ਏਕੜ ਰਕਬੇ ਤੇ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਕਰਦੇ ਹੋਏ ਪੰਜਾਬ ਸਰਕਾਰ ਦੇ ਬਣੇ ਪੋਰਟਲ ਤੇ 6081 ਅਰਜ਼ੀਆਂ ਅਪਲਾਈ ਕੀਤੀਆਂ ਹਨ ਅਤੇ ਇਸ ਤਰ੍ਹਾਂ ਸਿੱਧੀ ਬਿਜਾਈ ਦੇ ਰਕਬੇ ਵਿੱਚ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਪੂਰੇ ਪੰਜਾਬ ਰਾਜ ਵਿੱਚੋਂ ਮੋਹਰੀ ਜਿ ?ਲ੍ਹਾ ਬਣਿਆ ਹੈ।

ਇਸੇ ਸਬੰਧ ਵਿੱਚ ਅੱਜ ਸ੍ਰੀ ਹਰਪ੍ਰੀਤ ਸਿੰਘ ਸੂਦਨ, ਆਈ.ਏ.ਐਸ.,ਮਾਨਯੋਗ ਡਿਪਟੀ ਕਮਿਸ਼ਨਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਜਿ ?ਲ੍ਹੇ ਦੇ ਪਿੰਡ ਭੁੱਲਰ ਵਿਖੇ ਕਿਸਾਨ ਸ੍ਰੀ ਜਗਦੇਵ ਸਿੰਘ ਅਤੇ ਸ੍ਰੀ ਪ੍ਰਿਤਪਾਲ ਸਿੰਘ ਦੇ ਝੋਨੇ/ਬਾਸਮਤੀ ਦੀ ਸਿੱਧੀ ਬਿਜਾਈ ਵਾਲੇ ਖੇਤ ਦੀ ਵਿਜਿਟ ਕਰਦੇ ਹੋਏ ਕਿਸਾਨਾਂ ਨੂੰ ਸੰਬੋਧਨ ਹੁੰਦਿਆਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਜਿਥੇ ਪਾਣੀ ਦੀ ਬਚਤ ਹੁੰਦੀ ਹੈ ਉਥੇ ਲੇਬਰ ਦਾ ਖਰਚਾ ਘਟਦਾ ਹੈ।

ਉਨ੍ਹਾਂ ਦੱਸਿਆ ਕਿ ਇਸ ਵਾਰ ਵੀ ਪੰਜਾਬ ਸਰਕਾਰ ਵੱਲੋਂ ਝੋਨੇ ਦੀ ਸਿੱਧੀ ਬਿਜਾਈ ਕਰਨ ਵਾਲੇ ਕਿਸਾਨਾਂ ਨੂੰ 1500/-ਰੁ: ਪ੍ਰਤੀ ਏਕੜ ਪ੍ਰੋਤਸਾਹਨ ਦਿੱਤਾ ਜਾਵੇਗਾ। ਉਨ੍ਹਾਂ ਕਿਸਾਨਾਂ ਨੂੰ ਆਪਣੇ ਖੇਤਾਂ ਵਿੱਚ ਟਿਊਬਵੈਲਾਂ ਤੇ ਵੱਧ ਤੋਂ ਵੱਧ ਬੂਟੇ ਲਗਾਉਣ ਲਈ ਪ੍ਰੇਰਿਤ ਕਰਦੇ ਹੋਏ ਖੁਦ ਵੀ ਬੂਟਾ ਲਗਾਇਆ ਗਿਆ।

ਇਸ ਮੌਕੇ ਗੁਰਨਾਮ ਸਿੰਘ, ਮੁੱਖ ਖੇਤੀਬਾੜੀ ਅਫ਼ਸਰ, ਸ੍ਰੀ ਮੁਕਤਸਰ ਸਾਹਿਬ ਵੱਲੋਂ ਦੱਸਿਆ ਗਿਆ ਕਿ ਫੀਲਡ ਅਧਿਕਾਰੀ ਝੋਨੇ ਦੀ ਸਿੱਧੀ ਬਿਜਾਈ ਦੇ ਰਕਬੇ ਦੀ ਵੈਰੀਫਿਕੇਸ਼ਨ ਕਰ ਰਹੇ ਹਨ। ਵੈਰੀਫਿਕੇਸ਼ਨ ਦੀ ਪ੍ਰਕਿਰਿਆ ਮੁਕੰਮਲ ਹੋਣ ਉਪਰੰਤ ਪ੍ਰੋਤਸਾਹਨ ਰਾਸ਼ੀ ਕਿਸਾਨਾਂ ਦੇ ਖਾਤਿਆਂ ਵਿੱਚ ਜਮ੍ਹਾਂ ਕਰਵਾ ਦਿੱਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਕੱਦੂ ਕਰਕੇ ਲਗਾਏ ਝੋਨੇ ਦੇ ਮੁਕਾਬਲੇ ਪਾਣੀ, ਬਿਜਲੀ ਅਤੇ ਮਜ਼ਦੂਰੀ ਦੀ ਬਚਤ ਹੁੰਦੀ ਹੈ।

ਝੋਨੇ ਦੀ ਸਿੱਧੀ ਬਿਜਾਈ ਕਰਨ ਨਾਲ ਜ਼ਮੀਨਦੋਜ਼ ਪਾਣੀ ਦਾ ਰੀਚਾਰਜ਼ ਜਿਆਦਾ ਹੁੰਦਾ ਹੈ, ਫਸਲ ਨੂੰ ਬਿਮਾਰੀ ਘੱਟ ਲਗਦੀ ਹੈ ਅਤੇ ਪਰਾਲੀ ਦੀ ਸੰਭਾਲ ਕਰਨੀ ਸੌਖਾਲੀ ਹ�ो ਜਾਂਦੀ ਹੈ। ਸਿੱਧੀ ਬਿਜਾਈ ਵਾਲੇ ਖੇਤ ਵਿੱਚ, ਕੱਦੂ ਕਰਕੇ ਲਗਾਏ ਝੋਨੇ ਦੇ ਖੇਤ ਦੇ ਬਰਾਬਰ ਜਾਂ ਜਿ ?ਆਦਾ ਨਿਕਲਦਾ ਹੈ। ਇਸ ਸਮੇਂ ਉਨ੍ਹਾਂ ਜਿ ?ਕਰ ਕੀਤਾ ਕਿ ਜਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਕਿਸਾਨਾਂ ਵੱਲੋਂ ਝੋਨੇਂ ਦੀ ਸਿੱਧੀ ਬਿਜਾਈ ਕਰਨ ਸਬੰਧੀ ਕਾਫ਼ੀ ਉਤਸ਼ਾਹ ਦਿਖਾਇਆ ਗਿਆ ਹੈ।

ਇਸ ਮੌਕੇ ਖੇਤੀਬਾੜੀ ਵਿਭਾਗ ਦੇ ਸ੍ਰੀ ਸ਼ਵਿੰਦਰ ਸਿੰਘ,ਏ.ਡੀ.ਓ.,ਸ੍ਰੀ ਜਤਿੰਦਰ ਸਿੰਘ,ਏ.ਈ.ਓ., ਸ੍ਰੀ ਨਿਰਮਲ ਸਿੰਘ, ਏ.ਐਸ.ਆਈ ਅਤੇ ਸ੍ਰੀ ਹਰਦੀਪ ਸਿੰਘ ਏ.ਟੀ.ਐਮ. ਤੋਂ ਇਲਾਵਾ ਪਿੰਡ ਦੇ ਬਹੁਤ ਸਾਰੇ ਅਗਾਂਹਵਧੂ ਕਿਸਾਨ ਹਾਜ਼ਰ ਸਨ।

20 ਅਗਸਤ ਨੂੰ ਮੁੱਖ ਮੰਤਰੀ ਪੰਜਾਬ ਦੀ ਆਮਦ ਸਬੰਧੀ ਮੈਰੀਲੈਂਡ ਰਿਜ਼ੋਰਟ ਦੇ ਆਸ ਪਾਸ 1000 ਮੀਟਰ ਰੇਡੀਅਸ 'ਚ ਡ੍ਰੋਨ ਦੀ ਵਰਤੋਂ ਦੀ ਮਨਾਹੀ, ਜ਼ਿਲ੍ਹਾ ਮੈਜਿਸਟ੍ਰੇਟ

ਬਰਨਾਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

20 ਅਗਸਤ ਦਿਨ ਸ਼ਨੀਵਾਰ ਨੂੰ ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਬੇਟੀ ਬਚਾਓ, ਬੇਟੀ ਪੜ੍ਹਾਓ ਮੁਹਿੰਮ ਤਹਿਤ ਰੱਖੜੀ ਦੇ ਤਿਉਹਾਰ ਦੇ ਸਮਾਗਮ 'ਚ ਮੁੱਖ ਮਹਿਮਾਨ ਵਜੋਂ ਸ਼ਿਰਕਤ ਕਰਨ ਸਬੰਧੀ ਮੈਰੀਲੈਂਡ ਰਿਜ਼ੋਰਟ ਦੇ ਆਸ ਪਾਸ ਡਰੋਨ ਦੀ ਵਰਤੋਂ ਸਬੰਧੀ ਪਾਬੰਦੀ ਲਗਾਈ ਗਈ ਹੈ।ਜ਼ਿਲ੍ਹਾ ਮੈਜਿਸਟ੍ਰੇਟ ਸ਼੍ਰੀਮਤੀ ਪੂਨਮਦੀਪ ਕੌਰ ਵੱਲੋਂ ਇਹ ਪਾਬੰਦੀ ਭਾਰਤੀ ਨਾਗਰਿਕ ਸੁਰਖਿਆ ਸਹਿਤਾ- 2023 ਦੀ ਧਾਰਾ 163 ਅਧੀਨ ਪ੍ਰਾਪਤ ਅਧਿਕਾਰਾਂ ਦੀ ਵਰਤੋਂ ਕਰਦੇ ਹੋਏ ਲਗਾਈ ਗਈ ਹੈ।ਉਨ੍ਹਾਂ ਦੱਸਿਆ ਕਿ ਮਾਨਯੋਗ ਮੁੱਖ ਮੰਤਰੀ ਪੰਜਾਬ ਦੀ ਆਮਦ ਸਮੇ ਪੁਖਤਾ ਸੁਰੱਖਿਆ ਪ੍ਰਬੰਧ ਕਰਨ ਹਿੱਤ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੇ ਰੂਟ ਏਰੀਆ ਅਤੇ ਸਮਾਗਮ ਵਾਲੇ ਸਥਾਨ ਦੇ ਆਲੇ-ਦੁਆਲੇ ਦੇ 1000 ਮੀਟਰ ਰੋਡੀਅਸ ਨੂੰ ਨੋ ਡ੍ਰੋਨ ਜ਼ੋਨ ਘੋਸਿਤ ਕਰਨ ਲਈ ਲਿਖਿਆ ਗਿਆ ਹੈ।

ਸੀਨੀਅਰ ਕਪਤਾਨ ਪੁਲਿਸ, ਬਰਨਾਲਾ ਇਸ ਹੁਕਮ ਦੀ ਇਨ-ਬਿੰਨ ਪਾਲਣਾ ਕਰਵਾਉਣ ਲਈ ਜਿੰਮੇਵਾਰ ਹੋਣਗੇ।

ਮੈਨੁਅਲ ਸਕੈਵੇਂਜਿੰਗ ਐਕਟ ਦਾ ਜ਼ਿਲ੍ਹੇ ਵਿੱਚ ਕੋਈ ਕੇਸ ਪ੍ਰਾਪਤ ਨਹੀਂ ਹੋਇਆ - ਡਿਪਟੀ ਕਮਿਸ਼ਨਰ

ਰੂਪਨਗਰ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਡਿਪਟੀ ਕਮਿਸ਼ਨਰ ਰੂਪਨਗਰ ਡਾ. ਪ੍ਰੀਤੀ ਯਾਦਵ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੈਨੂਅਲ ਸਕੇਵੈਂਜ਼ਰਸ ਐਕਟ 2013 ਸਬੰਧੀ ਜ਼ਿਲ੍ਹਾ ਰੂਪਨਗਰ ਵਿੱਚ ਕੋਈ ਕੇਸ ਪ੍ਰਾਪਤ ਨਹੀਂ ਹੋਇਆ ਭਾਵ ਹੁਣ ਕੋਈ ਵੀ ਸਿਰ ਤੇ ਮੈਲਾ ਢੋਣ ਵਾਲਾ ਵਿਅਕਤੀ ਜਾਂ ਪਰਿਵਾਰ ਜ਼ਿਲ੍ਹੇ ਵਿੱਚ ਨਹੀਂ ਹੈ।

ਡਾ. ਪ੍ਰੀਤੀ ਯਾਦਵ ਨੇ ਅੱਗੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਸਬੰਧੀ ਜ਼ਿਲ੍ਹਾ ਪ੍ਰਸ਼ਾਸ਼ਨ ਰੂਪਨਗਰ ਵੱਲੋਂ ਸਮੂਹ ਕਾਰਜ ਸਾਧਕ ਅਫਸਰ, ਨਗਰ ਕੌਂਸਲ, ਜ਼ਿਲ੍ਹਾ ਰੂਪਨਗਰ ਅਤੇ ਸਮੂਹ ਬਲਾਕ ਵਿਕਾਸ ਅਤੇ ਪੰਚਾਇਤ ਅਫਸਰ, ਜ਼ਿਲ੍ਹਾ ਰੂਪਨਗਰ ਤੋਂ ਇਹ ਸਰਵੇ ਕਰਵਾਇਆ ਗਿਆ, ਜਿਸ ਵਿੱਚ ਕੋਈ ਵੀ ਕੇਸ ਨਾ ਹੋਣ ਦੀ ਜਾਣਕਾਰੀ ਪ੍ਰਾਪਤ ਹੋਈ।

ਉਨ੍ਹਾਂ ਅੱਗੇ ਕਿਹਾ ਕਿ ਜੇਕਰ ਫਿਰ ਵੀ ਕਿਸੇ ਕਾਰਨ ਕਰਕੇ ਕੋਈ ਵਿਆਕਤੀ ਸਰਵੇ ਵਿੱਚ ਕਵਰ ਹੋਣ ਤੋਂ ਰਹਿ ਗਿਆ ਹੋਵੇ ਤਾਂ ਉਹ 15 ਦਿਨਾਂ ਦੇ ਅੰਦਰ-ਅੰਦਰ ਕਮਰਾ ਨੰਬਰ 207 (ਸੀ.ਐਮ.ਐਫ.ਓ.,) ਦਫਤਰ ਡਿਪਟੀ ਕਮਿਸ਼ਨਰ, ਰੂਪਨਗਰ ਨੂੰ ਸੂਚਿਤ ਕਰ ਸਕਦਾ ਹੈ।

ਪਿੰਡ ਧੰਨੋ 'ਚ ਜਨ ਸੁਵਿਧਾ ਕੈਂਪ ਦਾ ਜਾਇਜ਼ਾ ਲੈਣ ਪੁੱਜੇ ਸਹਾਇਕ ਕਮਿਸ਼ਨਰ ਨੇ ਸੁਣੀਆਂ ਲੋਕਾਂ ਦੀਆਂ ਮੁਸ਼ਕਿਲਾਂ/ਸਮੱਸਿਆਵਾਂ

ਮਲੇਰਕੋਟਲਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਬ ਡਵੀਜਨ ਮਾਲੇਰਕੋਟਲਾ ਦੇ ਪਿੰਡ ਧੰਨੋ ਵਿਖੇ ਅੱਜ 'ਆਪ ਦੀ ਸਰਕਾਰ ਆਪ ਦੇ ਦੁਆਰ' ਤਹਿਤ ਲਗਾਏ ਜਨ ਸੁਣਵਾਈ ਕੈਂਪ ਦਾ ਜਾਇਜ਼ਾ ਲੈਣ ਪੁੱਜੇ ਸਹਾਇਕ ਕਮਿਸ਼ਨਰ ਸ੍ਰੀ ਹਰਬੰਸ ਸਿੰਘ ਨੇ ਕਿਹਾ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਤਹਿਤ ਲੋਕਾਂ ਦੀਆਂ ਸਮੱਸਿਆਵਾਂ ਪਹਿਲ ਦੇ ਅਧਾਰ 'ਤੇ ਹੱਲ ਕੀਤੀਆਂ ਜਾ ਰਹੀਆਂ ਹਨ। ਉਨ੍ਹਾਂ ਨਾਲ ਤਹਿਸੀਲਦਾਰ ਸ੍ਰੀ ਜਗਦੀਪ ਇੰਦਰ ਸੋਢੀ, ਬਲਾਕ ਵਿਕਾਸ ਤੇ ਪੰਚਾਇਤ ਅਫ਼ਸਰ ਸ੍ਰੀ ਜੁਗਰਾਜ ਸਿੰਘ ਤੋਂ ਇਲਾਵਾ ਵੱਖ ਵੱਖ ਵਿਭਾਗਾਂ ਦੇ ਅਧਿਕਾਰੀ ਤੇ ਨੁਮਾਇੰਦੇ ਮੌਜੂਦ ਸਨ।

ਡਿਪਟੀ ਕਮਿਸ਼ਨਰ ਡਾ ਪੱਲਵੀ ਦੀ ਅਗਵਾਈ ਹੇਠ ਲੱਗੇ ਕੈਂਪ ਦੌਰਾਨ ਪਿੰਡਾਂ ਦੇ ਵੱਡੀ ਗਿਣਤੀ ਲੋਕਾਂ ਨੇ ਮੌਕੇ 'ਤੇ ਹੀ ਸਰਕਾਰੀ ਸਕੀਮਾਂ ਦਾ ਲਾਭ ਲਿਆ ਅਤੇ ਆਪਣੀਆਂ ਮੁਸ਼ਕਿਲਾਂ ਹੱਲ ਕਰਵਾਈਆਂ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰਦੇਸ਼ਾਂ ਮੁਤਾਬਕ ਪੰਜਾਬ ਸਰਕਾਰ ਵੱਲੋਂ ਲੋਕਾਂ ਨੂੰ ਇੱਕ ਹੀ ਛੱਤ ਹੇਠਾਂ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀਆਂ ਵੱਲੋਂ ਮੌਕੇ 'ਤੇ ਹੀ ਸਰਕਾਰੀ ਸੇਵਾਵਾਂ ਪ੍ਰਦਾਨ ਕਰਵਾਈਆਂ ਜਾਂਦੀਆਂ ਹਨ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਇਨ੍ਹਾਂ ਕੈਂਪਾਂ ਦਾ ਵੱਧ ਤੋਂ ਵੱਧ ਲਾਭ ਲਿਆ ਜਾਵੇ। ਉਨ੍ਹਾਂ ਦੱਸਿਆ ਕਿ ਅਜਿਹੇ ਕੈਂਪਾਂ ਦੇ ਪਿੰਡ ਪੱਧਰ ਤੇ ਆਯੋਜਨ ਹੋਣ ਨਾਲ ਲੋਕਾਂ ਨੂੰ ਆਪਣੇ ਕੰਮਾਂ ਲਈ ਹੁਣ ਦੂਰ ਸ਼ਹਿਰ ਵਿੱਚ ਨਹੀਂ ਜਾਣਾ ਪੈਂਦਾ ਤੇ ਉਨ੍ਹਾਂ ਦੇ ਜਰੂਰੀ ਪ੍ਰਸ਼ਾਸਨਿਕ ਕੰਮ ਪਿੰਡ ਵਿੱਚ ਹੀ ਅਜਿਹੇ ਕੈਂਪਾਂ ਜਰੀਏ ਹੋ ਜਾਂਦੇ ਹਨ। ਸਥਾਨਕ ਵਸਨੀਕਾਂ ਨੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਸ਼ੁਰੂ ਕੀਤੇ 'ਆਪ ਦੀ ਸਰਕਾਰ ਆਪ ਦੇ ਦੁਆਰ' ਦੇ ਕੈਂਪਾਂ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਅਜ਼ਾਦੀ ਦਿਵਸ ਸਮਾਗਮ ਮੌਕੇ ਨੈਸ਼ਨਲ ਅਵਾਰਡੀ ਮਾਸਟਰ ਕਰਮਜੀਤ ਸਿੰਘ ਗਰੇਵਾਲ ਦਾ ਵਿਸ਼ੇਸ਼ ਸਨਮਾਨ

ਦੇਸ਼ ਵੰਡ ਵਰਗਾ ਦੁਖਾਂਤ ਕਦੇ ਨਾ ਵਾਪਰੇ: ਸੈਣੀ

ਸ਼ਾਹਬਾਦ ਮਾਰਕੰਡਾ , 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ ਦੇਸ਼ ਦੀ ਵੰਡ ਦੌਰਾਨ ਹੋਏ ਕਤਲੇਆਮ ਦਾ ਦੁਖਾਂਤ ਝੱਲਣ ਵਾਲਿਆਂ ਦੇ ਦਰਦ ਨੂੰ ਕਦੇ ਵੀ ਭੁਲਾਇਆ ਨਹੀਂ ਜਾ ਸਕਦਾ। ਮੁੱਖ ਮੰਤਰੀ ਨੇ ਇਹ ਗੱਲ ਅੱਜ ਜ਼ਿਲ੍ਹਾ ਕੁਰੁਕਸ਼ੇਤਰ 'ਚ ਪੰਚਨਦ ਸਮਾਰਕ ਟਰੱਸਟ ਕੁਰੁਕਸ਼ੇਤਰ ਵਲੋਂ ਕਰਵਾਏ ਰਾਜ ਪੱਧਰੀ ਵੰਡ ਘੱਲੂਘਾਰਾ ਯਾਦਗਾਰੀ ਦਿਵਸ ਸਮਾਗਮ ਮੌਕੇ ਦੇਸ਼ ਦੀ ਵੰਡ ਦੌਰਾਨ ਜਾਨ ਗੁਆਉਣ ਵਾਲਿਆਂ ਨੂੰ ਸ਼ਰਧਾਂਜਲੀ ਭੇਟ ਕਰਦਿਆਂ ਆਖੀ।

ਨਾਇਬ ਸੈਣੀ ਨੇ ਕਿਹਾ, "ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਅਜਿਹਾ ਕਤਲੇਆਮ ਦੁਨੀਆ ਦੇ ਕਿਸੇ ਵੀ ਹਿੱਸੇ 'ਚ ਨਾ ਵਾਪਰੇ। ਭਾਰਤ ਦੀ ਵੰਡ ਇਕ ਅਜਿਹੀ ਤ੍ਰਾਸਦੀ ਹੈ ਕਿ ਆਜ਼ਾਦੀ ਦਾ ਲਗਪਗ ਅੱਧਾ ਸਾਹਿਤ ਇਸ ਨਾਲ ਭਰਿਆ ਹੋਇਆ ਹੈ। ਵੰਡ ਦਾ ਦਰਦ ਕਦੇ ਭੁਲਾਇਆ ਨਹੀਂ ਜਾ ਸਕਦਾ।"

ਮੁੱਖ ਮੰਤਰੀ ਨੇ ਕਿਹਾ ਕਿ 14 ਅਗਸਤ ਭਾਰਤ ਦੀ ਵੰਡ ਦਾ ਦੁਖਦਾਈ ਦਿਨ ਹੈ। ਦੇਸ਼ ਦੀ ਵੰਡ ਸਮੇਂ ਕਰੋੜਾਂ ਲੋਕ ਉਜਾੜੇ ਗਏ ਤੇ ਲੱਖਾਂ ਦੰਗਿਆਂ ਵਿੱਚ ਮਾਰੇ ਗਏ। ਮਾਵਾਂ ਭੈਣਾਂ ਨੂੰ ਤਸੀਹੇ ਦਿੱਤੇ ਗਏ। ਅੱਜ ਵੀ ਉਸ ਦ੍ਰਿਸ਼ ਨੂੰ ਯਾਦ ਕਰਕੇ ਰੂਹ ਕੰਬ ਜਾਂਦੀ ਹੈ।" ਉਨ੍ਹਾਂ ਕਿਹਾ ਕਿ ਵੰਡ ਦੀਆਂ ਇਨ੍ਹਾਂ ਯਾਦਾਂ ਨੂੰ ਸੰਭਾਲਣ ਲਈ ਤੇ ਨਵੀਂ ਪੀੜੀ ਨੂੰ ਆਪਸੀ ਪਿਆਰ ਤੇ ਸਦਭਾਵਨਾ ਦਾ ਪਾਠ ਪੜ੍ਹਾਉਣ ਲਈ ਕੁਰੁਕਸ਼ੇਤਰ ਦੇ ਪਿੰਡ ਮਸਾਣਾ ਵਿੱਚ ਵਿਸ਼ਵ ਪੱਧਰੀ ਸਮਾਰਕ ਬਣਾਇਆ ਜਾ ਰਿਹਾ ਹੈ, ਜਿਸ 'ਤੇ ਕਰੀਬ 200 ਕਰੋੜ ਰੁਪਏ ਖਰਚ ਹੋਣਗੇ। ਇਸ ਲਈ ਪੰਚਨਦ ਮੈਮੋਰੀਅਲ ਟਰੱਸਟ ਨੇ 25 ਏਕੜ ਜ਼ਮੀਨ ਦਾਨ ਕੀਤੀ ਹੈ। ਮੁੱਖ ਮੰਤਰੀ ਨੇ ਆਪਣੇ ਸਵੈ ਇਛੁੱਕ ਫੰਡ ਚ 51 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਮੌਕੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ, ਗੀਤਾ ਮਨੀਸ਼ੀ ਸੁਆਮੀ ਗਿਆਨਾ ਨੰਦ, ਰਾਜ ਮੰਤਰੀ ਸੀਮਾ ਤ੍ਰਿਖਾ, ਵਿਧਾਇਕ ਲਛਮਣ ਨਾਪਾ, ਘਣਸ਼ਿਆਮ ਦਾਸ ਅਰੋੜਾ, ਸਾਬਕਾ ਮੰਤਰੀ ਮਨੀਸ਼ ਗਰੋਵਰ, ਮਹੰਤ ਚਰਨ ਦਾਸ ਆਦਿ ਮੌਜੂਦ ਸਨ।

ਦੀਪੇਂਦਰ ਹੁੱਡਾ ਵੱਲੋਂ 'ਅਕਤੂਬਰ ਚਾਰ, ਭਾਜਪਾ ਬਾਹਰ' ਦਾ ਨਾਅਰਾ

ਪਿਹੋਵਾ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਕਾਂਗਰਸ ਦੇ ਸੰਸਦ ਮੈਂਬਰ ਦੀਪੇਂਦਰ ਹੁੱਡਾ ਨੇ 'ਹਰਿਆਣਾ ਮਾਂਗੇ ਹਿਸਾਬ' ਮੁਹਿੰਮ ਤਹਿਤ ਪਿਹੋਵਾ ਵਿਧਾਨ ਸਭਾ ਹਲਕੇ 'ਚ ਪੈਦਲ ਯਾਤਰਾ ਕੀਤੀ। ਇਹ ਯਾਤਰਾ ਅਨਾਜ ਮੰਡੀ, ਮੇਨ ਚੌਕ ਤੋਂ ਹੁੰਦੀ ਹੋਇਆ ਸ਼ਹੀਦੀ ਸਮਾਰਕ ਪੁੱਜੀ। ਯਾਤਰਾ ਤੋਂ ਪਹਿਲਾਂ ਅਨਾਜ ਮੰਡੀ ਵਿੱਚ ਸੰਬੋਧਨ ਕਰਦਿਆਂ ਉਨ੍ਹਾਂ ਕਿਹਾ ਕਿ ਭਾਜਪਾ ਨੇ 10 ਸਾਲਾਂ ਵਿੱਚ ਹਰਿਆਣਾ ਨੂੰ ਤਬਾਹ ਕਰ ਦਿੱਤਾ ਹੈ। ਉਨ੍ਹਾਂ ਹਰਿਆਣਾ ਵਿੱਚ ਚੋਣਾਂ ਦੇ ਐਲਾਨ ਦਾ ਸਵਾਗਤ ਕਰਦਿਆਂ ਕਿਹਾ ਕਿ ਹਰਿਆਣਾ ਦੇ ਲੋਕ ਇਸ ਸ਼ੁਭ ਦਿਨ ਦਾ ਬੇਸਬਰੀ ਨਾਲ ਇੰਤਜ਼ਾਰ ਕਰ ਰਹੇ ਹਨ। ਹੁੱਡਾ ਨੇ 'ਅਕਤੂਬਰ ਚਾਰ, ਭਾਜਪਾ ਬਾਹਰ' ਦਾ ਨਾਅਰਾ ਲਾਇਆ। ਇਸ ਦੌਰਾਨ ਹੁੱਡਾ ਨੇ ਕਿਹਾ ਕਿ ਭਾਜਪਾ ਸਰਕਾਰ ਹੁਣ ਕੁਝ ਦਿਨਾਂ ਦੀ ਮਹਿਮਾਨ ਹੈ ਅਤੇ ਇਸ ਦੇ ਜਾਣ ਦਾ ਸਮਾਂ ਆ ਗਿਆ ਹੈ।

ਰਾਜਪਾਲ ਦੱਤਾਤ੍ਰੇਅ ਵੱਲੋਂ ਸ਼ਹੀਦਾਂ ਨੂੰ ਸ਼ਰਧਾਂਜਲੀ

ਯਮੁਨਾਨਗਰ , 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਯਮੁਨਾਨਗਰ ਦੇ ਤੇਜਲੀ ਖੇਡ ਸਟੇਡੀਅਮ 'ਚ ਸੂਬਾ ਪੱਧਰੀ ਸਮਾਗਮ ਵਿੱਚ ਤਿਰੰਗਾ ਲਹਿਰਾਇਆ ਅਤੇ ਮਾਰਚ ਪਾਸਟ ਦੀ ਸਲਾਮੀ ਲਈ। ਮਾਰਚ ਪਾਸਟ ਪਰੇਡ ਦੀ ਅਗਵਾਈ ਏਐੱਸਪੀ ਡਾ. ਰਾਜੇਸ਼ ਮੋਹਨ ਨੇ ਕੀਤੀ। ਸਭ ਤੋਂ ਪਹਿਲਾਂ ਰਾਜਪਾਲ ਦੱਤਾਤ੍ਰੇਅ ਨੇ ਸ਼ਹੀਦਾਂ ਨੂੰ ਸ਼ਰਧਾਂਜਲੀ ਦਿੱਤੀ। ਉਨ੍ਹਾਂ ਕਿਹਾ ਕਿ ਅੱਜ ਦਾ ਦਿਨ ਹਰ ਭਾਰਤੀ ਲਈ ਖੁਸ਼ੀ ਅਤੇ ਮਾਣ ਦਾ ਦਿਨ ਹੈ। 'ਹਰ ਘਰ ਤਿਰੰਗਾ' ਪ੍ਰੋਗਰਾਮ ਰਾਹੀਂ ਪੂਰਾ ਦੇਸ਼ ਦੇਸ਼ ਭਗਤੀ ਦੇ ਰੰਗ ਵਿੱਚ ਰੰਗਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ 'ਅਗਨੀਵੀਰ ਯੋਜਨਾ' ਤਹਿਤ ਨੌਜਵਾਨਾਂ ਨੂੰ ਨੌਕਰੀਆਂ ਵਿੱਚ ਵਿਸ਼ੇਸ਼ ਲਾਭ ਦੇਣ ਅਤੇ ਸਵੈ-ਰੁਜ਼ਗਾਰ ਲਈ 8 ਲੱਖ ਰੁਪਏ ਤੱਕ ਦਾ ਕਰਜ਼ਾ ਦੇਣ ਦਾ ਫੈਸਲਾ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਅੱਜ ਹਰਿਆਣਾ ਦਾ ਖੇਡ ਜਗਤ ਵਿੱਚ ਵੱਡਾ ਨਾਂ ਹੈ। ਸਾਡੇ ਨੌਜਵਾਨ ਵੱਡੀਆਂ ਪ੍ਰਾਪਤੀਆਂ ਕਰਕੇ ਦੇਸ਼ ਅਤੇ ਸੂਬੇ ਦਾ ਨਾਂ ਰੌਸ਼ਨ ਕਰ ਰਹੇ ਹਨ। ਮੈਡਲ ਜਿੱਤਣ ਵਾਲੇ ਖਿਡਾਰੀਆਂ ਨੂੰ ਨਕਦ ਇਨਾਮ ਦੇਣ ਦੇ ਨਾਲ-ਨਾਲ ਸਰਕਾਰੀ ਨੌਕਰੀਆਂ ਵੀ ਦਿੱਤੀਆਂ ਜਾ ਰਹੀਆਂ ਹਨ। ਪੁਰਸਕਾਰ ਪ੍ਰਾਪਤ ਕਰਨ ਵਾਲੇ ਖਿਡਾਰੀਆਂ ਨੂੰ ਮਹੀਨਾਵਾਰ ਮਾਣ ਭੱਤਾ ਵੀ ਦਿੱਤਾ ਜਾਂਦਾ ਹੈ। ਉਨ੍ਹਾਂ ਕਿਹਾ ਕਿ ਸਿਹਤ ਸੇਵਾਵਾਂ ਵਿੱਚ ਵਾਧਾ ਕਰਨ ਲਈ ਹਰ ਜ਼ਿਲ੍ਹੇ ਵਿੱਚ ਮੈਡੀਕਲ ਕਾਲਜ ਖੋਲ੍ਹੇ ਜਾ ਰਹੇ ਹਨ ਅਤੇ ਹੋਰ ਸਿਹਤ ਸੰਸਥਾਵਾਂ ਵਿੱਚ ਲੋੜੀਂਦਾ ਸਾਮਾਨ ਵਧਾਇਆ ਜਾ ਰਿਹਾ ਹੈ। ਸਰਕਾਰ ਵੱਲੋਂ ਰਾਜ ਦਾ ਪਹਿਲਾ ਏਮਜ਼ ਰੇਵਾੜੀ ਵਿੱਚ ਸਥਾਪਿਤ ਕੀਤਾ ਜਾ ਰਿਹਾ ਹੈ। ਇਸ ਤੋਂ ਇਲਾਵਾ ਪੰਚਕੂਲਾ, ਪਲਵਲ, ਫਤਿਹਾਬਾਦ ਅਤੇ ਚਰਖੀ ਦਾਦਰੀ ਵਿੱਚ ਵੀ ਸਰਕਾਰੀ ਮੈਡੀਕਲ ਕਾਲਜ ਸਥਾਪਿਤ ਕੀਤੇ ਜਾਣਗੇ।

ਗੁਰੂ ਨਾਨਕ ਖਾਲਸਾ ਕਾਲਜ ਵੱਲੋਂ ਤਿਰੰਗਾ ਯਾਤਰਾ

ਯਮੁਨਾਨਗਰ , 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਸਮਾਜਿਕ ਨਿਆਂ ਅਤੇ ਸ਼ਕਤੀਕਰਨ ਮੰਤਰਾਲੇ ਦੇ ਨਿਰਦੇਸ਼ਾਂ ਅਨੁਸਾਰ ਗੁਰੂ ਨਾਨਕ ਖਾਲਸਾ ਕਾਲਜ ਦੇ ਐਨਸੀਸੀ ਕੈਡਿਟਾਂ, ਐਨਐੱਸਐੱਸ, ਰੋਟ੍ਰੈਕਟ ਅਤੇ ਸਮਾਜ ਸੇਵਾ ਵਿਭਾਗ ਦੇ ਵਿਦਿਆਰਥੀਆਂ ਨੇ ਤਿਰੰਗਾ ਯਾਤਰਾ ਵਿੱਚ ਹਿੱਸਾ ਲਿਆ ਅਤੇ ਨਸ਼ਾ ਮੁਕਤ ਭਾਰਤ ਮੁਹਿੰਮ ਤਹਿਤ ਸਹੁੰ ਚੁੱਕੀ। ਇਸ ਮੁਹਿੰਮ ਦਾ ਵਿਸ਼ਾ ਵਿਕਸਿਤ ਭਾਰਤ, ਨਸ਼ਾ ਮੁਕਤ ਭਾਰਤ ਸੀ। ਕਾਲਜ ਦੇ ਪ੍ਰਿੰਸੀਪਲ ਡਾ. ਹਰਿੰਦਰ ਸਿੰਘ ਕੰਗ ਨੇ ਕਿਹਾ ਕਿ ਕਾਲਜ ਕੈਂਪਸ ਸਿਹਤਮੰਦ, ਨਸ਼ਾ ਮੁਕਤ ਵਾਤਾਵਰਨ ਨੂੰ ਉਤਸ਼ਾਹਿਤ ਕਰਨ ਲਈ ਸਮਰਪਿਤ ਹੈ ਜੋ ਕਿ ਇੱਕ ਵਿਕਸਤ ਅਤੇ ਸਮਰੱਥ ਭਾਰਤ ਦੇ ਸੁਫਨੇ ਸਾਕਾਰ ਕਰਨ ਵੱਲ ਇੱਕ ਕਦਮ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਨਸ਼ਿਆਂ ਦੀ ਅਲਾਮਤ ਤੋਂ ਮੁਕਤ ਹੋ ਕੇ ਸਾਦਾ ਅਤੇ ਉੱਚ ਵਿਚਾਰਾਂ ਵਾਲਾ ਜੀਵਨ ਜੀਣ ਲਈ ਪ੍ਰੇਰਿਤ ਕੀਤਾ ਤੇ ਬਾਅਦ ਵਿੱਚ ਉਨ੍ਹਾਂ ਨੇ ਨਸ਼ਾ ਮੁਕਤੀ ਦੀ ਵਿਦਿਆਰਥੀਆਂ ਨੂੰ ਸਹੁੰ ਚੁਕਾਈ। ਕਾਲਜ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਰਣਦੀਪ ਸਿੰਘ ਜੌਹਰ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਮੁਹਿੰਮ ਦਾ ਹਿੱਸਾ ਬਨਣ 'ਤੇ ਸਾਡੀ ਸੰਸਥਾ ਨੂੰ ਮਾਣ ਹੈ। ਸਮਾਜ ਸੇਵਾ ਵਿਭਾਗ ਦੇ ਐਸੋਸੀਏਟ ਪ੍ਰੋਫੈਸਰ ਡਾ. ਹੇਮੰਤ ਮਿਸ਼ਰਾ ਨੇ ਕਿਹਾ ਕਿ ਨਸ਼ਾ ਮੁਕਤ ਭਾਰਤ ਮੁਹਿੰਮ ਸਿਹਤਮੰਦ ਸਮਾਜ ਦੇ ਵਿਕਾਸ ਲਈ ਮਹੱਤਵਪੂਰਨ ਹੈ। ਸਮਾਗਮ ਵਿੱਚ ਡਾ. ਸਾਹਿਬ ਸਿੰਘ, ਡਾ. ਅਨੁਰਾਗ, ਡਾ. ਅਮਰਜੀਤ ਸਿੰਘ, ਡਾ. ਵਿਨੈ ਚੰਦੇਲ, ਪ੍ਰੋਫੈਸਰ ਅਨਿਕਾ, ਪ੍ਰੋਫੈਸਰ ਸ਼ਿਲਪੀ ਬਖਸ਼ੀ, ਪ੍ਰੋਫੈਸਰ ਮਨੀਸ਼ਾ ਅਤੇ ਹੋਰ ਫੈਕਲਟੀ ਮੈਂਬਰ ਹਾਜ਼ਰ ਸਨ ।

ਧੋਖਾਧੜੀ ਮਾਮਲਾ: ਸਪਨਾ ਚੌਧਰੀ ਖ਼ਿਲਾਫ਼ ਗੈਰ-ਜ਼ਮਾਨਤੀ ਵਾਰੰਟ ਜਾਰੀ

ਨਵੀਂ ਦਿੱਲੀ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਵੀ ਕਲਾਕਾਰ ਸਪਨਾ ਚੌਧਰੀ ਖ਼ਿਲਾਫ਼ ਦਰਜ ਹਾਈ ਪ੍ਰੋਫਾਈਲ ਧੋਖਾਧੜੀ ਦੇ ਮਾਮਲੇ 'ਚ ਤੀਸ ਹਜ਼ਾਰੀ ਕੋਰਟ ਦੀ ਚੀਫ ਜੁਡੀਸ਼ੀਅਲ ਮੈਜਿਸਟਰੇਟ ਰਸ਼ਮੀ ਗੁਪਤਾ ਨੇ ਗੈਰ-ਜ਼ਮਾਨਤੀ ਵਾਰੰਟ ਜਾਰੀ ਕੀਤਾ ਹੈ। ਇਸ ਮਾਮਲੇ ਵਿੱਚ ਕਈ ਵਿਅਕਤੀ ਪੀੜਤ ਹਨ। ਦਿੱਲੀ ਪੁਲੀਸ ਦੀ ਆਰਥਿਕ ਅਪਰਾਧ ਸ਼ਾਖਾ (ਈਓਡਬਲਿਯੂ) ਕੋਲ ਸਪਨਾ ਚੌਧਰੀ ਵਿਰੁੱਧ ਧੋਖਾਧੜੀ ਦਾ ਦੋਸ਼ ਲਾਉਂਦੇ ਹੋਏ ਇੱਕ ਸਾਂਝੀ ਸ਼ਿਕਾਇਤ ਦਰਜ ਕਰਵਾਈ ਗਈ ਸੀ। ਮਾਮਲੇ ਦੀ ਜਾਂਚ ਮਗਰੋਂ ਈਓਡਬਲਿਯੂ ਨੇ ਉਸ ਵਿਰੁੱਧ ਐੱਫਆਈਆਰ ਦਰਜ ਕੀਤੀ ਸੀ। ਅਦਾਲਤ ਨੇ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਸੀ। ਅਦਾਲਤ ਨੇ ਮੁਲਜ਼ਮ ਸਪਨਾ ਚੌਧਰੀ ਦੀ ਗ਼ੈਰਹਾਜ਼ਰੀ ਕਾਰਨ ਉਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕਰਨ ਦਾ ਹੁਕਮ ਦਿੱਤਾ ਸੀ। ਉਸ ਦਿਨ ਇਸ ਮਾਮਲੇ 'ਚ ਸਪਨਾ ਅਤੇ ਹੋਰ ਮੁਲਜ਼ਮਾਂ 'ਤੇ ਦੋਸ਼ ਆਇਦ ਕਰਨ ਦੇ ਮੁੱਦੇ 'ਤੇ ਸੁਣਵਾਈ ਕੀਤੀ ਗਈ ਸੀ ਪਰ ਸਪਨਾ ਚੌਧਰੀ ਹਾਜ਼ਰ ਨਹੀਂ ਹੋਈ।

ਹਰਿਆਣਾ ਸਰਕਾਰ ਵੱਲੋਂ 41 ਮੈਂਬਰੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ

ਚੰਡੀਗੜ੍ਹ, 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਹਰਿਆਣਾ ਸਰਕਾਰ ਨੇ ਅੱਜ ਦੇਰ ਰਾਤ 41 ਮੈਂਬਰੀ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਗਠਨ ਕੀਤਾ ਹੈ। ਇਸ ਕਮੇਟੀ ਨੂੰ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਹਰੀ ਝੰਡੀ ਦੇ ਦਿੱਤੀ ਹੈ। ਕਮੇਟੀ ਵਿੱਚ ਸਿਰਸਾ ਤੋਂ ਬਲਜੀਤ ਸਿੰਘ ਦਾਦੂਵਾਲ, ਜਗਸੀਰ ਸਿੰਘ, ਮਾਲਕ ਸਿੰਘ, ਪਰਮਜੀਤ ਸਿੰਘ ਮੱਖਾ, ਪ੍ਰਕਾਸ਼ ਸਿੰਘ ਸਾਹੂਵਾਲਾ, ਗੁਰਮੀਤ ਸਿੰਘ, ਗੁਰਪਾਲ ਸਿੰਘ ਗੋਰਾ, ਮਲਕੀਤ ਸਿੰਘ ਪਾਣੀਵਾਲਾ, ਸੁਰਿੰਦਰ ਸਿੰਘ ਵੈਦਵਾਲਾ, ਪਾਣੀਪਤ ਤੋਂ ਮਲਕੀਤ ਸਿੰਘ ਅਤੇ ਯਮੁਨਾਨਗਰ ਤੋਂ ਹਰਬੰਸ ਸਿੰਘ, ਸੁਖਵਿੰਦਰ ਸਿੰਘ ਤੇ ਅਮਰਜੀਤ ਸਿੰਘ ਨੂੰ ਸ਼ਾਮਲ ਹਨ।

ਇਸੇ ਤਰ੍ਹਾਂ ਹਰਿਆਣਾ ਸਰਕਾਰ ਨੇ ਅੰਬਾਲਾ ਤੋਂ ਹਰਪਾਲ ਸਿੰਘ ਕੰਬੋਜ, ਸੁਖਦਰਸ਼ਨ ਸਿੰਘ ਸਹਿਗਲ, ਤਲਵਿੰਦਰਪਾਲ ਸਿੰਘ, ਇੰਦਰਜੀਤ ਸਿੰਘ ਵਾਸੂਦੇਵ, ਕੈਪਟਨ ਦਿਲਬਾਗ ਸਿੰਘ ਸੈਣੀ, ਰਜਿੰਦਰ ਸਿੰਘ, ਫਰੀਦਾਬਾਅਦ ਤੋਂ ਸਰਦਾਰਨੀ ਰੀਨਾ ਭੱਟੀ, ਗੁਰਪ੍ਰਸਾਦ ਸਿੰਘ, ਫਤਿਆਬਾਦ ਤੋਂ ਮਹਿੰਦਰ ਸਿੰਘ ਵਧਵਾ, ਪੰਚਕੂਲਾ ਤੋਂ ਗੁਰਮੀਤ ਸਿੰਘ ਮਿੱਤਾ, ਡਾ. ਹਰਨੇਕ ਸਿੰਘ, ਸਵਰਨ ਸਿੰਘ, ਕੈਥਲ ਤੋਂ ਕਾਬਲ ਸਿੰਘ, ਦਵਿੰਦਰ ਸਿੰਘ, ਕਰਨਾਲ ਤੋਂ ਭੁਪਿੰਦਰ ਸਿੰਘ ਰੋਖਾ, ਗੁਲਾਬ ਸਿੰਘ, ਬਾਬਾ ਮਿਹਰ ਸਿੰਘ, ਰਤਨ ਸਿੰਘ, ਨਿਸ਼ਾਨ ਸਿੰਘ ਨੂੰ ਗਠਨ ਕੀਤਾ ਹੈ। ਇਸ ਕਮੇਟੀ ਨੂੰ ਹਰਿਆਣਾ ਦੇ ਰਾਜਪਾਲ ਬੰਡਾਰੂ ਦੱਤਾਤ੍ਰੇਅ ਨੇ ਹਰੀ ਝੰਡੀ ਦੇ ਦਿੱਤੀ ਹੈ। ਕਮੇਟੀ ਵਿੱਚ ਸਿਰਸਾ ਤੋਂ ਬਲਜੀਤ ਸਿੰਘ ਦਾਦੂਵਾਲ, ਜਗਸੀਰ ਸਿੰਘ, ਮਾਲਕ ਸਿੰਘ, ਪਰਮਜੀਤ ਸਿੰਘ ਮੱਖਾ, ਪ੍ਰਕਾਸ਼ ਸਿੰਘ ਸਾਹੂਵਾਲਾ, ਗੁਰਮੀਤ ਸਿੰਘ, ਗੁਰਪਾਲ ਸਿੰਘ ਗੋਰਾ, ਮਲਕੀਤ ਸਿੰਘ ਪਾਣੀਵਾਲਾ, ਸੁਰਿੰਦਰ ਸਿੰਘ ਵੈਦਵਾਲਾ, ਪਾਣੀਪਤ ਤੋਂ ਮਲਕੀਤ ਸਿੰਘ ਅਤੇ ਯਮੁਨਾਨਗਰ ਤੋਂ ਹਰਬੰਸ ਸਿੰਘ, ਸੁਖਵਿੰਦਰ ਸਿੰਘ ਤੇ ਅਮਰਜੀਤ ਸਿੰਘ ਨੂੰ ਸ਼ਾਮਲ ਹਨ।ਇਸੇ ਤਰ੍ਹਾਂ ਹਰਿਆਣਾ ਸਰਕਾਰ ਨੇ ਅੰਬਾਲਾ ਤੋਂ ਹਰਪਾਲ ਸਿੰਘ ਕੰਬੋਜ, ਸੁਖਦਰਸ਼ਨ ਸਿੰਘ ਸਹਿਗਲ, ਤਲਵਿੰਦਰਪਾਲ ਸਿੰਘ, ਇੰਦਰਜੀਤ ਸਿੰਘ ਵਾਸੂਦੇਵ, ਕੈਪਟਨ ਦਿਲਬਾਗ ਸਿੰਘ ਸੈਣੀ, ਰਜਿੰਦਰ ਸਿੰਘ, ਫਰੀਦਾਬਾਅਦ ਤੋਂ ਸਰਦਾਰਨੀ ਰੀਨਾ ਭੱਟੀ, ਗੁਰਪ੍ਰਸਾਦ ਸਿੰਘ, ਫਤਿਆਬਾਦ ਤੋਂ ਮਹਿੰਦਰ ਸਿੰਘ ਵਧਵਾ, ਪੰਚਕੂਲਾ ਤੋਂ ਗੁਰਮੀਤ ਸਿੰਘ ਮਿੱਤਾ, ਅਮਰਜੀਤ ਸਿੰਘ, ਰਾਜਵੀਰ ਸਿੰਘ, ਡਾ. ਹਰਨੇਕ ਸ਼ਾਮਲ ਕੀਤਾ ਹੈ।

ਭਾਜਪਾ ਮੈਡੀਕਲ ਸੈੱਲ ਦੇ ਕਨਵੀਨਰ ਵਿਜੈ ਦਹੀਆ ਨੇ ਪਾਰਟੀ ਛੱਡੀ

ਯਮੁਨਾਨਗਰ , 20 ਅਗਸਤ
-ਕੌਮੀ ਪੱਤ੍ਰਿਕਾ ਬਿਊਰੋ-

ਭਾਜਪਾ ਮੈਡੀਕਲ ਸੈੱਲ ਦੇ ਸੂਬਾ ਕਨਵੀਨਰ ਡਾ. ਵਿਜੈ ਦਹੀਆ ਨੇ ਭਾਜਪਾ ਆਗੂਆਂ ਦੀ ਕਾਰਜਪ੍ਰਣਾਲੀ ਅਤੇ ਮਾੜੇ ਰਵੱਈਏ ਦੇ ਵਿਰੋਧ ਵਿੱਚ ਭਾਜਪਾ ਕਨਵੀਨਰ ਦੇ ਅਹੁਦੇ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫਾ ਦੇ ਦਿੱਤਾ ਹੈ। ਭਾਜਪਾ ਦੇ ਸੂਬਾ ਪ੍ਰਧਾਨ ਨੂੰ ਭੇਜੇ ਆਪਣੇ ਅਸਤੀਫ਼ੇ ਵਿੱਚ ਉਨ੍ਹਾਂ ਕਿਹਾ ਕਿ ਯਮੁਨਾਨਗਰ ਦੇ ਕੁਝ ਆਗੂਆਂ ਦੇ ਅੜੀਅਲ ਰਵੱਈਏ , ਵੱਖਵਾਦੀ ਨੀਤੀ ਅਤੇ ਵਤੀਰੇ ਤੋਂ ਨਿਰਾਸ਼ ਹੋ ਕੇ ਉਹ ਆਪਣੇ ਅਹੁਦੇ ਅਤੇ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਪਾਰਟੀ ਵੱਲੋਂ ਉਨ੍ਹਾਂ ਨੂੰ ਜੋ ਜ਼ਿੰਮੇਵਾਰੀ ਸੌਂਪੀ ਗਈ ਸੀ, ਉਸ ਨੂੰ ਉਨ੍ਹਾਂ ਤਨਦੇਹੀ ਨਾਲ ਨਿਭਾਇਆ ਹੈ। ਉਨ੍ਹਾਂ ਪਾਰਟੀ ਵਿੱਚ ਉਨ੍ਹਾਂ ਨੂੰ ਦਿੱਤੀ ਗਈ ਜ਼ਿੰਮੇਵਾਰੀ ਲਈ ਕੇਂਦਰੀ ਲੀਡਰਸ਼ਿਪ ਦਾ ਧੰਨਵਾਦ ਕੀਤਾ ਅਤੇ ਨਾਲ ਹੀ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਪਾਰਟੀ ਵਿੱਚ ਕੰਮ ਕਰਨਾ ਸੰਭਵ ਨਹੀਂ ਹੋਵੇਗਾ।

ਇਸ ਲਈ ਉਹ ਆਪਣੇ ਅਹੁਦੇ ਤੋਂ ਅਸਤੀਫਾ ਦਿੰਦੇ ਹਨ।ਯਮੁਨਾਨਗਰ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਕਿਹਾ ਕਿ ਜ਼ਮੀਨੀ ਪੱਧਰ ਦੇ ਵਰਕਰ ਚਿੰਤਤ ਹਨ। ਇੱਥੋਂ ਤੱਕ ਕਿ ਭਾਜਪਾ ਦੇ ਪ੍ਰੋਗਰਾਮਾਂ ਵਿੱਚ ਵੀ ਉਨ੍ਹਾਂ ਦੀ ਕੋਈ ਸੁਣਵਾਈ ਨਹੀਂ ਹੁੰਦੀ। ਉਨ੍ਹਾਂ ਕਿਹਾ ਕਿ ਪਾਰਟੀ ਵਿੱਚ ਕੁੱਝ ਲੋਕਾਂ ਦਾ ਇੱਕ ਸਮੂਹ ਹੈ ਜੋ ਪੂਰੇ ਸਿਸਟਮ ਨੂੰ ਘੇਰਦਾ ਹੈ। ਮੁੱਖ ਮੰਤਰੀ ਦੇ ਆਉਣ

ਨੌਜਵਾਨ ਨੂੰ ਗ੍ਰਿਫ਼ਤਾਰ ਕਰ ਕੇ ਤੇ ਜਮਾਨਤ ਨਾ ਹੋਣ ਦੇਣ ਦਾ ਡਰਾਵਾ ਦੇ ਕੇ ਲਈ ਰਿਸ਼ਵਤ

ਏਜੰਸੀਆਂ

ਫਿਰੋਜਪੁਰ/ਗੁਰੂਹਰਸਹਾਏ 20ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਵੱਲੋਂ ਰਿਸ਼ਵਤਖੋਰੀ ਵਿਰੁੱਧ ਜਾਰੀ ਮੁਹਿੰਮ ਦੌਰਾਨ ਥਾਣਾ ਗੁਰੂਹਰਸਹਾਏ (ਜਿ਼ਲ੍ਹਾ ਫਿਰੋਜਪੁਰ) ਵਿਖੇ ਤਾਇਨਾਤ ਏ.ਐੱਸ.ਆਈ. ਗੁਰਦੀਪ ਸਿੰਘ ਨੂੰ 10,000 ਰੁਪਏ ਦੀ ਰਿਸ਼ਵਤ ਹਾਸਲ

ਕਰਦਿਆਂ ਵਿਜੀਲੈਂਸ ਬਿਊਰੋ ਫਿਰੋਜਪੁਰ ਨੇ ਡੀ.ਐੱਸ.ਪੀ. ਕੇਵਲ ਕ੍ਰਿਸ਼ਨ ਦੀ ਅਗਵਾਈ ਹੇਠ ਰੰਗੇ ਹੱਥੀਂ ਕਾਬੂ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਉਕਤ ਮੁਲਜ਼ਮ ਏ.ਐੱਸ.ਆਈ. ਨੂੰ ਸ਼ਿਕਾਇਤਕਰਤਾ ਗੁਰਮੀਤ ਸਿੰਘ ਵਾਸੀ ਪਿੰਡ ਖੁੰਦੜ ਉਤਾੜ, ਜਿ਼ਲ੍ਹਾ ਫਿਰੋਜਪੁਰ ਵੱਲੋਂ ਦਰਜ ਕਰਵਾਏ ਬਿਆਨਾਂ ਅਤੇ ਪੇਸ਼ ਰਿਕਾਰਡਿੰਗ ਦੇ ਅਧਾਰ ਉਪਰ ਕਾਬੂ ਕੀਤਾ ਗਿਆ ਹੈ। ਉਕਤ ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕੇ ਦੱਸਿਆ ਕਿ ਉਸ ਦੇ ਛੋਟੇ ਭਰਾ ਉਪਰ ਇਕ ਮੁਕੱਦਮਾ ਥਾਣਾ ਗੁਰੂਹਰਸਹਾਏ ’ਚ ਦਰਜ ਸੀ, ਜਿਸ ’ਚ ਰਾਜੀਨਾਮਾ ਹੋ ਗਿਆ ਸੀ ਪਰ ਉਸ ਕੇਸ ’ਚ ਸ਼ਿਕਾਇਤਕਰਤਾ ਨੇ ਉਸੇ ਮੁਕੱਦਮੇ ਦੇ ਸਬੰਧੀ ਥਾਣੇ ਵਿਖੇ ਦੁਬਾਰਾ ਇਕ ਦਰਖਾਸਤ ਦੇ ਦਿੱਤੀ, ਜਿਸ ਦੀ ਪੜਤਾਲ ਦੌਰਾਨ ਉਕਤ ਏ.ਐੱਸ.ਆਈ. ਗੁਰਦੀਪ ਸਿੰਘ ਨੇ ਉਸ ਦੇ ਭਰਾ ਨੂੰ ਥਾਣੇ ਬੁਲਾ ਕੇ ਬਿਠਾ ਲਿਆ ਅਤੇ ਉਸ ਨੂੰ ਛੱਡਣ ਦੇ ਇਵਜ਼ ’ਚ ਡੇਢ ਲੱਖ ਰੁਪਏ ਦੀ ਮੰਗ ਕੀਤੀ ਪਰ ਸ਼ਿਕਾਇਤਕਰਤਾ ਪਿਰ ਵੱਲੋਂ ਇੰਨੀ ਰਿਸ਼ਵਤ ਨਾ ਦੇਣ ਕਾਰਨ ਉਸ ਦੇ ਭਰਾ ਦੀ ਗ੍ਰਿਫ਼ਤਾਰੀ ਪਾ ਦਿੱਤੀ ਗਈ। ਇਸ ਉਪਰੰਤ 7 ਦਿਨ ਦਾ ਰਿਮਾਂਡ ਹਾਸਲ ਕਰਨ ਅਤੇ ਜਮਾਨਤ ਨਾ ਹੋਣ ਦੇਣ ਦਾ ਡਰਾਵਾ ਦੇ ਕੇ ਸ਼ਿਕਾਇਤਕਰਤਾ ਪਾਸੋਂ 10,000 ਰੁਪਏ ਰਿਸ਼ਵਤ ਵਜੋਂ ਲੈ ਲਏ। ਸ਼ਿਕਾਇਤਕਰਤਾ ਨੇ ਇਹ ਵੀ ਦੋਸ਼ ਲਾਇਆ ਕਿ ਉਕਤ ਏ.ਐੱਸ.ਆਈ. ਗੁਰਮੀਤ ਸਿੰਘ ਉਸ ਦੇ ਭਰਾ ਦੇ ਫੋਨ ਅਤੇ ਪਰਸ ਨੂੰ ਮੁਕੱਦਮੇ ’ਚ ਨਾ ਪਾਉਣ ਬਦਲੇ 10,000 ਰੁਪਏ ਦੀ ਹੋਰ ਮੰਗ ਕਰਨ ਲੱਗ ਪਿਆ, ਜਿਸ ਦੀ ਸ਼ਿਕਾਇਤਕਰਤਾ ਵੱਲੋਂ ਰਿਕਾਰਡਿੰਗ ਕਰ ਲਈ ਗਈ। ਬੁਲਾਰੇ ਨੇ ਦੱਸਿਆ ਕਿ ਇਸ ਸ਼ਿਕਾਇਤ ’ਤੇ ਕਾਰਵਾਈ ਕਰਦਿਆਂ ਵਿਜੀਲੈਂਸ ਬਿਊਰੋ ਰੇਂਜ ਫਿਰੋਜਪੁਰ ਦੇ ਥਾਣੇ ਵਿਖੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਮੁਕੱਦਮਾ ਦਰਜ ਕਰ ਕੇ ਮੁਲਜਮ ਏ.ਐੱਸ.ਆਈ. ਗੁਰਮੀਤ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜਰੀ ’ਚ ਸ਼ਿਕਾਇਤਕਰਤਾ ਕੋਲੋਂ 10,000 ਰਿਸ਼ਵਤ ਹਾਸਿਲ ਕਰਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ ਅਤੇ ਇਸ ਕੇਸ ਦੀ ਅਲਗੋਰੀ ਤਫਤੀਸ਼ ਜਾਰੀ ਹੈ।

57 ਸਾਲਾ ਸ਼ਖਸ ਨੇ ਆਪਣਾ ਘਰ-ਜਮੀਨ ਵੇਚ ਕੇ ਪੜ੍ਹਾਏ 500 ਅਨਾਥ ਬੱਚੇ, ਹੁਣ 183 ਬਣੇ ਵਕੀਲ ਤੇ ਇੰਜੀਨੀਅਰ

ਸਰਦੂਲ ਸਿੰਘ

ਨੈਸਨਲ ਡੈਸਕ 20ਅਗਸਤ। 57 ਸਾਲਾ ਬਲਰਾਮ ਕਰਨ 500 ਅਨਾਥ ਬੱਚਿਆਂ ਲਈ ਮਾਤਾ-ਪਿਤਾ ਦੀ ਭੂਮਿਕਾ ਨਿਭਾ ਰਿਹਾ ਹੈ। ਉਹ ਪਿਛਲੇ 30 ਸਾਲਾਂ ਤੋਂ ਇਨ੍ਹਾਂ ਬੱਚਿਆਂ ਦੀ ਦੇਖਭਾਲ ਕਰ ਰਹੇ ਹਨ। ਇਸ ਲਈ ਉਹਨਾਂ ਨੇ ਆਪਣੀ ਦੁਕਾਨ, ਘਰ ਅਤੇ ਜਮੀਨ ਤੱਕ ਵੇਚ ਦਿੱਤੀ ਹੈ। ਪੈਸੇ ਦੀ ਘਾਟ ਹੋਣ ਕਾਰਨ ਉਹਨਾਂ ਨੇ ਪਿੰਡ-ਪਿੰਡ ਜਾ ਕੇ ਲੋਕਾਂ ਤੋਂ ਮਦਦ ਵੀ ਮੰਗੀ। ਅੱਜ ਇਨ੍ਹਾਂ ਵਿੱਚੋਂ 183 ਬੱਚੇ ਆਤਮ ਨਿਰਭਰ ਬਣ ਚੁੱਕੇ ਹਨ। ਕੁਝ ਇੰਜੀਨੀਅਰ ਬਣ ਗਏ ਹਨ, ਕੁਝ ਵਕੀਲ ਅਤੇ ਕੁਝ ਨਰਸਾਂ। ਦੱਸ ਦੇਈਏ ਕਿ ਬਲਰਾਮ ਕਰਨ ਦੀ ਇਹ ਪ੍ਰੇਰਨਾਦਾਇਕ ਕਹਾਣੀ 1995 ਵਿੱਚ ਸ਼ੁਰੂ ਹੋਈ ਸੀ, ਜਦੋਂ 27 ਸਾਲ ਦੀ ਉਮਰ ਵਿੱਚ ਉਹਨਾਂ ਨੇ ਪਹਿਲੇ ਅਨਾਥ ਬੱਚੇ ਨੂੰ ਆਪਣੇ ਘਰ ਲੈ ਆਏ। 2004 ਵਿਚ ਜਨਮਨੀ ਵਿਚ ਰਹਿਣ ਵਾਲੇ ਪ੍ਰਵਾਸੀ ਬੰਗਾਲੀ ਵਿਮਲ ਰਾਏ ਨੇ ਅਨਾਥ ਬੱਚਿਆਂ ਲਈ ਆਪਣੀ ਮਾਂ, ਪਿਤਾ ਅਤੇ ਭੈਣ ਦੇ ਨਾਮ ‘ਤੇ 50 ਲੱਖ ਰੁਪਏ ਦੀ ਮਦਦ ਦਿੱਤੀ ਅਤੇ 3 ਇਮਾਰਤਾਂ ਬਣਾਉਣ ਲਈ ਕਿਹਾ। ਹੁਣ 20 ਵਿੱਘੇ ਜਮੀਨ ‘ਤੇ ਪੂਰਾ ਆਸ਼ਰਮ ਹੈ। ਇਥੇ ਰਹਿਣ ਵਾਲੇ ਬੱਚੇ ਵੀ ਹੁਣ ਆਸ਼ਰਮ ਲਈ ਚੰਦਾ ਭੇਜਦੇ ਹਨ। ਇਸ ਤੋਂ ਇਲਾਵਾ ਬੀਰਭੂਮ ਅਤੇ ਬਰਦਵਾਨ ਵਿਚ ਵੀ ਉਹਨਾਂ ਨੇ ਆਸ਼ਰਮ ਸਥਾਪਿਤ ਹਨ। ਬਲਰਾਮ ਕਰਨ ਦੱਸਦੇ ਹਨ ਕਿ ਇੱਕ ਦਿਨ ਜਦੋਂ ਉਹ ਕਿਤੇ ਜਾ ਰਹੇ ਸਨ ਤਾਂ ਉਹਨਾਂ ਨੇ ਦੇਖਿਆ ਕਿ ਇੱਕ 2-3 ਸਾਲ ਦਾ ਬੱਚਾ ਕੂੜੇਦਾਨ ਵਿਚੋਂ ਖਾਣਾ ਕੱਢ ਕੇ ਖਾ ਰਿਹਾ ਸੀ। ਇਹ ਦੇਖ ਕੇ ਉਹ ਬਹੁਤ ਪ੍ਰਭਾਵਿਤ ਹੋਏ ਅਤੇ ਉਸ ਨੂੰ ਚੁੱਕ ਕੇ ਆਪਣੇ ਘਰ ਲੈ ਆਏ। ਉਸ ਦੀਆਂ ਪਹਿਲਾਂ ਹੀ 3 ਧੀਆਂ ਅਤੇ ਇੱਕ ਪੁੱਤਰ ਸੀ। ਉਹਨਾਂ ਦੇ ਘਰ ਦਾ ਗੁਜਾਰਾ ਬਹੁਤ ਮੁਸ਼ਕਲ ਨਾਲ ਹੁੰਦਾ ਸੀ ਫਿਰ ਵੀ ਉਹ ਜਿੱਥੇ ਵੀ ਕਿਸੇ ਅਨਾਥ ਬੱਚੇ ਨੂੰ ਦੇਖਦੇ, ਉਸ਼ ਨੂੰ ਚੁੱਕ ਕੇ ਆਪਣੇ ਘਰ

ਲੈ ਆਉਂਦੇ।ਬਲਰਾਮ ਨੇ ਤਸਕਰੀ ਦਾ ਸ਼ਿਕਾਰ ਹੋਈ ਇੱਕ ਗਰਭਵਤੀ ਕੁੜੀ ਨੂੰ ਵੀ ਆਪਣੀ ਨੂੰਹ ਬਣਾ ਲਿਆ। ਉਹ ਦੱਸਦੇ ਹਨ ਕਿ ਲੜਕੀ ਨੂੰ ਆਪਣੇ ਬੱਚੇ ਨੂੰ ਸਕੂਲ ਵਿੱਚ ਦਾਖਲ ਕਰਵਾਉਣ ਲਈ ਪਿਤਾ ਦੇ ਨਾਮ ਦੀ ਲੋੜ ਸੀ। ਇਸ ਲਈ ਉਹਨਾਂ ਨੇ 2020 ਵਿੱਚ ਉਸਦਾ ਵਿਆਹ ਆਪਣੇ ਬੇਟੇ ਨਾਲ ਕਰਵਾ ਦਿੱਤਾ। ਅੱਜ ਉਸ ਦਾ ਪੋਤਾ ਛੇ ਸਾਲ ਦਾ ਹੋ ਚੁੱਕਾ ਹੈ। ਬਲਰਾਮ ਨੇ ਆਸ਼ਰਮ ਵਿਚ ਪਾਲੀਆਂ 49 ਕੁੜੀਆਂ ਦਾ ਕੰਨੀਆਦਾਨ ਪਿਤਾ ਦੀ ਤਰ੍ਹਾਂ ਕੀਤਾ ਹੈ। ਇਹ ਆਸਰਮ ਹੀ ਉਹਨਾਂ ਦਾ ਪੇਕਾ ਘਰ ਬਣ ਗਿਆ ਹੈ। ਬਿਹਾਰ ਦੀ ਰਹਿਣ ਵਾਲੀ ਸੀਤਲ ਅਤੇ ਰਾਧੀ ਯਾਦਵ, ਜੋ 4 ਅਤੇ 3 ਸਾਲ ਦੀ ਉਮਰ ਤੋਂ ਇੱਥੇ ਰਹਿ ਰਹੇ ਸਨ, ਹੁਣ ਸਫਲ ਹੋ ਚੁੱਕੀਆਂ ਹਨ। ਸੀਤਲ ਦੀ ਛੋਟੀ ਭੈਣ ਕਲਕੱਤਾ ਹਾਈ ਕੋਰਟ ਵਿੱਚ ਵਕਾਲਤ ਕਰ ਰਹੀ ਹੈ, ਜਦੋਂ ਕਿ ਸੀਤਲ ਨੂੰ ਕੋਲਕਾਤਾ ਦੇ ਆਰਐੱਨ ਟੈਗੋਰ ਹਸਪਤਾਲ ਵਿੱਚ ਨੌਕਰੀ ਮਿਲੀ ਹੈ।

ਸੀ.ਆਈ. ਏ. ਸਟਾਫ ਨੇ ਤਲਵੰਡੀ ਭਾਈ ‘ਚ 2 ਵਿਅਕਤੀਆਂ ਤੋਂ ਇਕ ਕਿੱਲੋ ਤੋਂ ਵੱਧ ਅਫੀਮ ਕੀਤੀ ਬਰਾਮਦ

ਤਲਵੰਡੀ ਭਾਈ 20ਅਗਸਤ। ਸੀ.ਆਈ. ਏ. ਸਟਾਫ ਨੇ ਤਲਵੰਡੀ ਭਾਈ ‘ਚ 2 ਵਿਅਕਤੀਆਂ ਤੋਂ ਇਕ ਕਿੱਲੋ 16 ਗ੍ਰਾਮ ਅਫੀਮ ਬਰਾਮਦ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ। ਇਸ ਸਬੰਧੀ ਸੀ.ਆਈ. ਏ. ਸਟਾਫ ਫਿਰੋਜ਼ਪੁਰ ਦੇ ਸਬ ਇੰਸਪੈਕਟਰ ਗੁਰਚਰਨ ਸਿੰਘ ਸਮੇਤ ਪੁਲਸ ਪਾਰਟੀ ਗਸਤ ਵਾ ਚੈਕਿੰਗ ਸੱਕੀ ਪੁਰਸਾਂ ਦੇ ਸਬੰਧ ਵਿਚ ਜਦੋਂ ਤਲਵੰਡੀ ਭਾਈ ਦੀ ਦਾਣਾ ਮੰਡੀ ਗੇਟ ਨੰਬਰ 2 ਪਾਸ ਪੁੱਜੇ ਤਾਂ 2 ਮੋਨੇ ਨੌਜਵਾਨ ਖੜੇ ਦਿਖਾਈ ਦਿੱਤੇ, ਜੋ ਪੁਲਸ ਨੂੰ ਦੇਖ ਕੇ ਘਬਰਾ ਗਏ ਅਤੇ ਮੌਕੇ ਤੋਂ

ਭੱਜਣ ਲੱਗੇ। ਇਸ ਦੌਰਾਨ ਪੁਲਸ ਨੇ ਨੌਜਵਾਨਾਂ ਨੂੰ ਸੱਕ ਦੇ ਆਧਾਰ ‘ਤੇ ਕਾਬੂ ਕੀਤਾ, ਜਿਨ੍ਹਾਂ ਨੇ ਆਪਣਾ ਨਾਮ ਸ਼ੰਭੂ ਸਿੰਘ ਪੁੱਤਰ ਕਾਲੂ ਸਿੰਘ ਵਾਸੀ ਏਰਾ ਜਿ਼ਲ੍ਹਾ ਜਹਾਲਾਵਾੜਾ, ਰਾਜਸਥਾਨ ਅਤੇ ਦੀਰਪ ਸਿੰਘ ਪੁੱਤਰ ਇੰਦਰ ਸਿੰਘ ਵਾਸੀ ਪਗਾਰਜ ਜਿ਼ਲ੍ਹਾ ਜਹਾਲਾਵਾੜਾ, ਰਾਜਸਥਾਨ ਦੱਸਿਆ। ਇਨ੍ਹਾਂ ਦੀ ਤਲਾਸੀ ਦੌਰਾਨ 1 ਕਿਲੋ 16 ਗ੍ਰਾਮ ਅਫੀਮ ਬਰਾਮਦ ਹੋਈ। ਇਸ ਸਬੰਧੀ ਤਲਵੰਡੀ ਭਾਈ ਪੁਲਸ ਥਾਣੇ ‘ਚ ਮਾਮਲਾ ਦਰਜ ਕਰਕੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ।

ਪੁਲਸ ਨੇ ਸ਼ੱਕ ਦੇ ਆਧਾਰ ‘ਤੇ ਨਾਕੇ ‘ਤੇ ਰੋਕੀ ਕਾਰ, ਜਦੋਂ ਤਲਾਸ਼ੀ ਲਈ ਤਾਂ ਰਹਿ ਗਏ ਹੈਰਾਨ

ਫਤਹਿਗੜ੍ਹ ਸਾਹਿਬ 20ਅਗਸਤ। ਫਤਹਿਗੜ੍ਹ ਸਾਹਿਬ ਦੇ ਸੀ. ਆਈ. ਏ. ਸਟਾਫ ਸਰਹਿੰਦ ਵੱਲੋਂ ਮੰਡੀ ਗੋਬਿੰਦਗੜ੍ਹ ਵਿਖੇ ਕੀਤੀ ਗਈ ਸਪੈਸ਼ਲ ਨਾਕਾਬੰਦੀ ਦੌਰਾਨ ਵੱਡੀ ਉਪਲੱਬਧੀ ਹਾਸਲ ਕਰਦਿਆਂ ਅੱਧਾ ਕਿੱਲੋ ਤੋਂ ਵੱਧ (511 ਗ੍ਰਾਮ) ਹੈਰੋਇਨ ਬਰਾਮਦ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ। ਡਾ. ਰਵਜੋਤ ਗਰੇਵਾਲ ਆਈ. ਪੀ. ਐੱਸ. ਮਾਨਯੋਗ ਐੱਸ.ਐੱਸ.ਪੀ. ਫਤਹਿਗੜ੍ਹ ਸਾਹਿਬ ਦੇ ਦਿਸਾ ਨਿਰਦੇਸਾਂ ਅਨੁਸਾਰ ਨਸਿ਼ਆਂ ਖਿ਼ਲਾਫ ਚਲਾਈ ਮੁਹਿੰਮ ਤਹਿਤ ਪ੍ਰੈੱਸ ਕਾਨਫਰਸ ਨੂੰ ਸੰਬੋਧਨ ਕਰਦਿਆਂ ਐੱਸ. ਪੀ. ਡੀ. ਫਤਹਿਗੜ੍ਹ ਸਾਹਿਬ ਰਾਗੇਸ ਯਾਦਵ ਨੇ ਦੱਸਿਆ ਕਿ ਸੀ. ਆਈ. ਏ. ਸਟਾਫ ਸਰਹਿੰਦ ਦੇ ਇੰਚਾਰਜ ਇੰਸਪੈਕਟਰ ਅਕਾਸ ਦੱਤ ਅਤੇ ਉਨ੍ਹਾਂ ਦੀ ਟੀਮ ਵੱਲੋਂ ਮੰਡੀ ਗੋਬਿੰਦਗੜ੍ਹ ਵਿਖੇ ਕੀਤੀ ਗਈ ਨਾਕਾਬੰਦੀ ਦੌਰਾਨ ਲੁਧਿਆਣਾ ਸਾਈਡ ਤੋਂ ਬਿਨਾਂ ਨੰਬਰੀ ਆ ਰਹੀ ਫੋਰਡ ਫੀਗੋ ਕਾਰ ਨੂੰ ਸੱਕ ਦੇ ਆਧਾਰ ‘ਤੇ ਰੋਕ ਕੇ ਚੈਕਿੰਗ ਕੀਤੀ ਗਈ। ਇਸ ਦੌਰਾਨ ਕਾਰ ਵਿਚ ਸਵਾਰ ਕੁਲਦੀਪ ਸਿੰਘ ਪਿੰਡ ਖਾਨਪੁਰ ਜਿ਼ਲ੍ਹਾ ਲੁਧਿਆਣਾ ਅਤੇ ਚਮਨਜੀਤ ਸਿੰਘ ਵਾਸੀ ਪਿੰਡ ਲੁਹਾਰਾ ਜਿ਼ਲ੍ਹਾ ਲੁਧਿਆਣਾ ਨੂੰ ਕਾਬੂ ਕਰਕੇ ਉਨ੍ਹਾਂ ਪਾਸੋਂ 511 ਗ੍ਰਾਮ ਹੈਰੋਇਨ ਬਰਾਮਦ ਕੀਤੀ ਗਈ। ਪੁਲਸ ਨੇ ਦੋਸੀਆਂ ਵਿਰੁੱਧ ਥਾਣਾ ਗੋਬਿੰਦਗੜ੍ਹ ਵਿਖੇ ਮਾਮਲਾ ਦਰਜ ਕਰਕੇ ਅਗਲੀ ਕਾਰਵਾਈ ਸ਼ੁਰੂ ਕਰ ਦਿੱਤੀ ਹੈ। ਦੋਵੇਂ ਦੋਸੀ ਆਪਸ ਵਿਚ ਮਾਮੇ-ਭੂਆ ਦੇ ਲੜਕੇ ਹਨ। ਦੋਸੀਆਂ ਨੂੰ ਅਦਾਲਤ ਵਿਚ ਪੇਸ ਕਰਕੇ ਪੁਲਸ ਰਿਮਾਂਡ ਹਾਸਲ ਕੀਤਾ ਗਿਆ ਹੈ। ਜਿਨ੍ਹਾਂ ਪਾਸੋਂ ਪੁੱਛਗਿਛ ਜਾਰੀ ਹੈ। ਪੁੱਛਗਿੱਛ ਦੌਰਾਨ ਮੁਲਜਮਾਂ ਪਾਸੋਂ ਹੋਰ ਵੀ ਖੁਲਾਸੇ ਹੋਣ ਦੀ ਸੰਭਾਵਨਾ ਹੈ। ਉਨ੍ਹਾਂ ਦੱਸਿਆ ਕਿ ਗ੍ਰਿਫ਼ਤਾਰ ਕੀਤੇ ਗਏ ਕਥਿਤ ਆਰੋਪੀ ਕੁਲਦੀਪ ਸਿੰਘ ਖਿ਼ਲਾਫ ਪਹਿਲਾਂ ਵੀ ਦੋ ਵੱਖ-ਵੱਖ ਮੁਕੱਦਮੇ ਦਰਜ ਹਨ ਤੇ ਇਹ ਜਮਾਨਤ ‘ਤੇ ਆਇਆ ਹੋਇਆ ਸੀ ਅਤੇ ਲੁਧਿਆਣੇ ਤੋਂ ਖੰਨਾ ਫਤਹਿਗੜ੍ਹ ਸਾਹਿਬ ਪਟਿਆਲਾ ਅਤੇ ਨੇੜੇ ਦੇ ਹੋਰ ਇਲਾਕਿਆਂ ਵਿਚ ਹੈਰੋਇਨ ਸਪਲਾਈ ਕਰਦੇ ਸਨ।

ਸਬਜੀਆਂ ਦੀ ਆੜ ‘ਚ ਕੀਤੀ ਜਾ ਰਹੀ ਸੀ ਗਊਆਂ ਦੀ ਤਸਕਰੀ, ਟਰੱਕ ਸਣੇ ਡਰਾਈਵਰ ਨੂੰ ਕੀਤਾ ਗ੍ਰਿਫ਼ਤਾਰ

ਕਿਸ਼ਨ ਪਾਲ

ਜਲੰਧਰ 20ਅਗਸਤ। ਗਊ ਸੁਰੱਖਿਆ ਦਲ ਦੇ ਮੈਂਬਰਾਂ ਨੇ ਸਬਜੀਆਂ ਦੀ ਆੜ ਵਿੱਚ ਇਕ ਬਲਦ ਸਮੇਤ ਤਿੰਨ ਗਊਆਂ ਨੂੰ ਲਿਜਾ ਰਹੇ ਦੋ ਟਰੱਕ ਡਰਾਈਵਰਾਂ ਨੂੰ ਕਾਬੂ ਕੀਤਾ ਹੈ। ਮਾਮਲੇ ਸਬੰਧੀ ਜਾਣਕਾਰੀ ਦਿੰਦਿਆਂ ਹਿੰਦੂ ਆਗੂਆਂ ਨੇ ਦੱਸਿਆ ਕਿ ਟਰੱਕ ਡਰਾਈਵਰ ਨੇ ਟਰੱਕ ਵਿੱਚ ਗਊਆਂ ਲੁਕੋ ਕੇ ਉਸ ਉੱਪਰ ਛੱਤ ਬਣਾ ਲਈ ਸੀ ਅਤੇ ਉਕਤ ਸੌਂਡ ਦੀ ਛੱਤ ‘ਤੇ ਸਬਜੀਆਂ ਰੱਖੀਆਂ ਹੋਈਆਂ ਸਨ। ਜਿਸ ਦੀ ਜਾਣਕਾਰੀ ਗਊ ਸੁਰੱਖਿਆ ਦਲ ਦੇ ਮੈਂਬਰਾਂ ਨੂੰ ਮਿਲ ਗਈ। ਸੂਚਨਾ ਮਿਲਦੇ ਹੀ ਗਊ ਸੁਰੱਖਿਆ ਟੀਮ ਦੇ ਮੈਂਬਰਾਂ ਨੇ ਟਰੈਪ ਲਗਾ ਕੇ ਟਰੱਕ ਚਾਲਕ ਅਤੇ ਉਸ ਦੇ ਸਾਥੀ ਨੂੰ ਕਾਬੂ ਕਰ ਲਿਆ। ਇਸ ਮਾਮਲੇ ਨੂੰ ਲੈ ਕੇ ਹਿੰਦੂ ਨੇਤਾਵਾਂ ਵਿੱਚ ਭਾਰੀ ਗੁੱਸਾ ਹੈ। ਜਾਂਚ ‘ਚ ਸਾਹਮਣੇ ਆਇਆ ਕਿ ਟਰੱਕ ਡਰਾਈਵਰ ਗਊਆਂ ਨੂੰ ਜੰਮੂ-ਕਸਮੀਰ ਲੈ ਕੇ ਜਾ ਰਿਹਾ ਸੀ। ਘਟਨਾ ਦੀ ਸੂਚਨਾ ਸਥਾਨਕ ਪੁਲਸ ਨੂੰ ਦੇ ਦਿੱਤੀ ਗਈ ਹੈ। ਪੁਲਸ ਨੇ ਮੌਕੇ ‘ਤੇ ਪਹੁੰਚ ਕੇ ਟਰੱਕ ਚਾਲਕ ਨੂੰ ਗ੍ਰਿਫਤਾਰ ਕਰਕੇ ਮਾਮਲੇ ਦੀ

ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਵੱਡੀ ਗਿਣਤੀ ‘ਚ ਹਿੰਦੂ ਨੇਤਾ ਗਊਸਾਲਾ ਦੇ ਬਾਹਰ ਇਕੱਠੇ ਹੋ ਗਏ ਅਤੇ ਟਰੱਕ ਡਰਾਈਵਰ ਖਿ਼ਲਾਫ ਸਖਤ ਕਾਰਵਾਈ ਦੀ ਮੰਗ ਕਰ ਰਹੇ ਹਨ। ਸੈਂਟਰਲ ਸਰਕਲ ਦੇ ਏ. ਸੀ. ਪੀ. ਨਿਰਮਲ ਸਿੰਘ ਨੇ ਦੱਸਿਆ ਕਿ ਐਤਵਾਰ ਸਵੇਰੇ ਕਰੀਬ 3:30 ਵਜੇ ਕੰਟਰੋਲ ਰੂਮ ‘ਤੇ ਸੂਚਨਾ ਮਿਲੀ ਕਿ ਨਕੋਦਰ ਚੌਂਕ ਨੇੜੇ ਪਿੰਡ ਤੋਂ ਭਰਿਆ ਇਕ ਟਰੱਕ ਫੜਿਆ ਗਿਆ ਹੈ। ਇਸ ਤੋਂ ਬਾਅਦ ਥਾਣਾ ਸਦਰ ਦੇ ਡਿਊਟੀ ਅਫਸਰ ਸਬ ਇੰਸਪੈਕਟਰ ਸਰਜੀਤ ਸਿੰਘ ਪੁਲਸ ਪਾਰਟੀ ਨਾਲ ਮੌਕੇ ‘ਤੇ ਪਹੁੰਚੇ। ਜਿੱਥੇ ਜਾਂਚ ਦੌਰਾਨ ਪਤਾ ਲੱਗਾ ਕਿ ਟਰੱਕ ਦੇ ਉੱਪਰ ਸਬਜੀਆਂ ਲੱਦੀਆਂ ਹੋਈਆਂ ਸਨ ਅਤੇ ਹੇਠਾਂ ਜਗ੍ਹਾ ਬਣਾ ਕੇ ਗਊਆਂ ਲਿਜਾਈਆਂ ਜਾ ਰਹੀਆਂ ਸਨ, ਜਿਸ ‘ਤੇ ਪੁਲਸ ਨੇ ਡਰਾਈਵਰ ਅਤੇ ਉਸ ਦੇ ਸਾਥੀ ਨੂੰ ਮੌਕੇ ‘ਤੇ ਹੀ ਗ੍ਰਿਫਤਾਰ ਕਰ ਲਿਆ। ਮੁੱਢਲੀ ਪੁੱਛਗਿੱਛ ਦੌਰਾਨ ਸਾਹਮਣੇ ਆਇਆ ਹੈ ਕਿ ਦੋਵੇਂ ਮੁਲਜਮ ਟਰੱਕ ਨੂੰ ਦਿੱਲੀ ਤੋਂ ਪਠਾਨਕੋਟ ਲੈ ਕੇ ਜਾ ਰਹੇ ਸਨ। ਸੋਮਵਾਰ ਨੂੰ ਦੋਸ਼ੀਆਂ ਨੂੰ ਅਦਾਲਤ ‘ਚ ਪੇਸ ਕਰਕੇ ਪੁੱਛਗਿੱਛ ਲਈ ਰਿਮਾਂਡ ‘ਤੇ ਲਿਆ ਜਾਵੇਗਾ।

ਮੰਦਰ ‘ਚ ਹੀ ਘਟੀਆ ਕਰਤੂਤ ਕਰਦੇ ਪਤੀ-ਪਤਨੀ ਰੰਗੇ ਹੱਥੀਂ ਕਾਬੂ

ਮਾਛੀਵਾੜਾ ਸਾਹਿਬ 20ਅਗਸਤ। ਮੰਦਰ ਵਿਚ ਸ਼ਰਧਾਲੂਆਂ ਵਲੋਂ ਬੜੀ ਸ਼ਰਧਾ ਨਾਲ ਚੜਾਇਆ ਚੜ੍ਹਾਵਾ ਚੋਰੀ ਕਰਨ ਵਾਲੇ ਪਤੀ-ਪਤਨੀ ਅੱਜ ਲੋਕਾਂ ਦੇ ਕਾਬੂ ਆ ਗਏ ਜਿਨ੍ਹਾਂ ਨੂੰ ਪੁਲਸ ਦੇ ਸਪੁਰਦ ਕਰ ਦਿੱਤਾ ਗਿਆ। ਪ੍ਰਾਪਤ ਜਾਣਕਾਰੀ ਅਨੁਸਾਰ ਨੇੜਲੇ ਪਿੰਡ ਉਧੋਵਾਲ ਦੇ ਵਾਸੀ ਪਤੀ-ਪਤਨੀ ਨੇ ਖਮਾਣੋਂ ਥਾਣਾ ਅਧੀਨ ਪੈਂਦੇ ਪਿੰਡ ਰਾਏਪੁਰ ਰਾਈਆਂ ਦੇ ਇਕ ਮੰਦਰ ਵਿਚ ਚੋਰੀ ਕੀਤੀ। ਇਹ ਦੋਵੇਂ ਪਤੀ-ਪਤਨੀ ਮੰਦਰ ਵਿਚ ਗਏ ਅਤੇ ਨਤਮਸਤਕ ਹੋਣ ਤੋਂ ਬਾਅਦ ਪਤੀ ਮੰਦਰ ਵਿਚ ਪਈ ਗੋਲਕ ’ਚੋਂ ਤਾਰ ਦੀ ਕੁੰਡੀ ਬਣਾ ਕੇ ਬੜੇ ਸ਼ਾਤਿਰ ਢੰਗ ਨਾਲ ਪੈਸੇ ਕੱਢਣ ਲੱਗ ਪਿਆ ਜਦਕਿ ਪਤਨੀ ਆਸ-ਪਾਸ ਨਜ਼ਰ ਰੱਖਦੀ ਸੀ ਕਿ ਕੋਈ ਆ ਨਾ ਜਾਵੇ। ਇਨ੍ਹਾਂ ਦੋਵਾਂ ਪਤੀ-ਪਤਨੀ ਦੀ ਮੰਦਰ ’ਚੋਂ ਚੋਰੀ ਕਰਨ ਦੀ ਘਟਨਾ ਸੀ. ਸੀ. ਟੀ. ਵੀ. ਕੈਮਰੇ ਵਿਚ ਕੈਦ ਹੋ ਗਈ। ਇਹ ਦੋਵੇਂ ਪਤੀ-ਪਤਨੀ ਕੱਲ੍ਹ ਮਾਛੀਵਾੜਾ